

Founder & Chief Editor : Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com
00 VOL XVIII, ISSUE 1908 | SATURDAY APRIL 25, 2026
NEW YORK


# ਅੱਜ 25 ਅਪ੍ਰੈਲ 2026 ਦਿਨ ਸ਼ਨੀਵਾਰ ਨੂੰ



ਖ਼ਾਲਸਾ ਮੇਰੀ ਸੋਭਾ ਸੀਲਾ ॥ ਖ਼ਾਲਸਾ ਬੰਧ ਸਖਾ ਸਦ ਡੀਲਾ ॥

ਗੁਰਦਵਾਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ, ਟਰਾਈ ਸਟੇਟ ਦੀਆਂ ਸਮੂਹ ਪ੍ਰਬੰਧਕ ਜਥੇਬੰਦੀਆਂ , ਸੇਵਾ ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕੱਢੀ ਜਾ ਰਹੀ

## ਸਿੱਖ ਡੇ ਪਰੇਡ ਅਤੇ

ਸਿੱਖ ਸੁਸਾਇਟੀ ਆਫ ਇੰਡੀਆਨਾ ਵਲੋਂ ਕੱਢੇ ਜਾ ਰਹੇ

## 12ਵੇਂ ਸਾਲਾਨਾ ਨਗਰ ਕੀਰਤਨ ਦੀਆਂ

### ਲੱਖ ਲੱਖ ਮੁਬਾਰਕਾਂ

ਵੱਲੋਂ



JASDIP SINGH JESSE
CHAIRMAN - SIKHS OF AMERICA



KANWALJIT SINGH SONI
PRESIDENT - SIKHS OF AMERICA

ਡਾ. ਜਸਦੀਪ ਸਿੰਘ ਜੈਸੀ PRESIDENT ਸਿੱਖਸ ਆਫ ਅਮਰੀਕਾ ਅਤੇ ਸਮੂਹ ਮੈਂਬਰ



Sajid Tarar Director
Baljinder Singh Shammi Vice President
Inderjit Singh Gujral General Secretary
Gurvinder Singh Sethi
Sukhpal Singh Dhanoa
Maninderjit Singh Sethi
Dr. Darshan Singh Saluja
Varinder Singh
Harjeet Chandhok
Hardip Singh Goldy President NJ chap.
Gurmit Singh President New York chap
Jasvinder Singh Johny
Pritpal Singh Lucky
Prabhjot Batra
Harbeer Singh Batra
Rattan Singh
Mahinder Pal Singh
Jaimodh Nibber
Sandeep Singh
Manpreet Singh
Raj Saini
Dilvir Singh
Sarbjit Singh
Kulwinder Singh Flora

### ਬਹੁਤ ਬਹੁਤ ਮੁਬਾਰਕਾਂ



GURMIT SINGH PRESIDENT SIKHS OF AMERICA NEW YORK CHAPTER AND CEO APNA PUNJAB MEDIA GROUP NEW YORK



ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL
ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE :
NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia

www.apnapunjabmedia.com newsroom@apnapunjabmedia.com

1 VOL XVIII, ISSUE 1908 | SATURDAY APRIL 25, 2026

NEW YORK



BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।

Visit our dedicated pages for the latest national and international news.

ਹੁਣੇ ਹੁਣੇ


# H -1B ਵੀਜ਼ਾ ਦੇ ਨਵੇਂ ਬਿਲ ਸੋਧ ਤਹਿਤ ਭਾਰਤੀਆਂ ਲਈ ਅਮਰੀਕਾ ਵਸਣ ਦਾ ਰਾਹ ਹੋਇਆ ਔਖਾ

ਵਾਸ਼ਿੰਗਟਨ: :ਆਪਣਾ ਪੰਜਾਬ ਮੀਡੀਆ: ਅਮਰੀਕਾ ਵਿੱਚ ਰਿਪਬਲਿਕਨ ਸੰਸਦ ਮੈਂਬਰਾਂ ਵੱਲੋਂ 'End H-1B Visa Abuse Act of 2026' ਨਾਮਕ ਨਵਾਂ ਬਿੱਲ ਪੇਸ਼ ਕੀਤਾ ਗਿਆ ਹੈ, ਜਿਸਦਾ ਉਦੇਸ਼ ਅਮਰੀਕੀ ਕੰਪਨੀਆਂ ਵੱਲੋਂ ਸਸਤੀ ਵਿਦੇਸ਼ੀ ਲੇਬਰ ਦੀ ਵਰਤੋਂ ਨੂੰ ਰੋਕਣਾ ਅਤੇ ਦੇਸ਼ ਦੇ ਨਾਗਰਿਕਾਂ ਲਈ ਨੌਕਰੀਆਂ ਨੂੰ ਸੁਰੱਖਿਅਤ ਕਰਨਾ ਹੈ। ਇਸ ਬਿੱਲ ਅਨੁਸਾਰ H-1B ਵੀਜ਼ਾ ਪ੍ਰੋਗਰਾਮ 'ਤੇ ਤਿੰਨ ਸਾਲ ਲਈ ਪੂਰੀ ਤਰ੍ਹਾਂ ਰੋਕ ਲਗਾਉਣ, ਹਰ ਸਾਲ ਜਾਰੀ ਹੋਣ ਵਾਲੇ ਵੀਜ਼ਿਆਂ ਦੀ ਗਿਣਤੀ 65,000 ਤੋਂ ਘਟਾ ਕੇ 25,000 ਕਰਨ ਅਤੇ ਵੀਜ਼ਾ ਧਾਰਕਾਂ ਲਈ ਘੱਟੋ-ਘੱਟ ਸਾਲਾਨਾ ਤਨਖਾਹ 2 ਲੱਖ ਅਮਰੀਕੀ ਡਾਲਰ ਨਿਰਧਾਰਤ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਇਸਦੇ ਨਾਲ ਹੀ H-1B ਵੀਜ਼ਾ ਧਾਰਕਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਅਮਰੀਕਾ ਲਿਜਾਣ 'ਤੇ ਪਾਬੰਦੀ, ਪੜ੍ਹਾਈ ਤੋਂ ਬਾਅਦ ਮਿਲਣ ਵਾਲੀ OPT ਟ੍ਰੇਨਿੰਗ ਖਤਮ ਕਰਨ ਅਤੇ H-1B ਤੋਂ ਸਿੱਧਾ ਗ੍ਰੀਨ ਕਾਰਡ ਅਪਲਾਈ ਕਰਨ 'ਤੇ ਵੀ ਰੋਕ ਲਗਾਉਣ ਦੀ ਗੱਲ ਕਹੀ ਗਈ ਹੈ। ਸੰਸਦ ਮੈਂਬਰਾਂ ਦਾ ਦਾਅਵਾ ਹੈ ਕਿ ਵੱਡੀਆਂ ਕੰਪਨੀਆਂ ਅਮਰੀਕੀ ਲੋਕਾਂ ਦੀ ਥਾਂ ਵਿਦੇਸ਼ੀ ਕਰਮਚਾਰੀਆਂ ਨੂੰ ਤਰਜੀਹ ਦੇ ਰਹੀਆਂ ਹਨ ਅਤੇ H-1B ਸਿਸਟਮ ਦਾ ਗਲਤ ਫਾਇਦਾ ਚੁੱਕਿਆ ਜਾ ਰਿਹਾ ਹੈ, ਇਸ ਲਈ ਇਹ ਵੀਜ਼ਾ ਸਿਰਫ ਆਰਜ਼ੀ ਰੱਖਿਆ ਜਾਣਾ ਚਾਹੀਦਾ ਹੈ। ਜੇਕਰ ਇਹ ਬਿੱਲ ਕਾਨੂੰਨ ਬਣਦਾ ਹੈ ਤਾਂ ਭਾਰਤੀ IT ਪੇਸ਼ੇਵਰਾਂ ਅਤੇ ਡਾਕਟਰਾਂ 'ਤੇ ਵੱਡਾ ਅਸਰ ਪਵੇਗਾ, ਕਿਉਂਕਿ ਉਨ੍ਹਾਂ ਲਈ ਅਮਰੀਕਾ ਵਿੱਚ ਕੰਮ ਕਰਨਾ ਮੁਸ਼ਕਲ ਹੋ ਜਾਵੇਗਾ, ਪਰਿਵਾਰ ਤੋਂ ਦੂਰ ਰਹਿਣ ਦੀ ਸ਼ਰਤ ਕਾਰਨ ਦਿਲਚਸਪੀ ਘਟ ਸਕਦੀ ਹੈ ਅਤੇ ਗ੍ਰੀਨ ਕਾਰਡ ਹਾਸਲ ਕਰਨ ਦੇ ਰਾਹ ਵੀ ਬੰਦ ਹੋ ਸਕਦੇ ਹਨ।




ਹਾਲਾਂਕਿ ਇਹ ਬਿੱਲ ਹਾਲੇ ਸਿਰਫ ਪੇਸ਼ ਹੋਇਆ ਹੈ ਅਤੇ ਕਾਨੂੰਨ ਬਣਨ ਲਈ ਇਸਨੂੰ ਕਈ ਪੜਾਵਾਂ ਵਿੱਚੋਂ ਲੰਘਣਾ ਹੋਵੇਗਾ, ਜਿਸ ਦੌਰਾਨ ਇਸ ਦਾ ਵਿਰੋਧ ਵੀ ਹੋ ਸਕਦਾ ਹੈ।

# ਪੱਛਮੀ ਏਸ਼ੀਆ 'ਚ ਵਧਦੇ ਤਣਾਅ 'ਤੇ BRICS ਦੇਸ਼ਾਂ ਵੱਲੋਂ ਚਿੰਤਾ; ਸ਼ਾਂਤੀ ਲਈ ਗੱਲਬਾਤ 'ਤੇ ਦਿੱਤਾ ਜ਼ੋਰ

## ਨਵੀਂ ਦਿੱਲੀ 'ਚ ਜੁੜੇ BRICS ਦੇਸ਼ਾਂ ਦੇ ਨੁਮਾਇੰਦੇ; ਇਰਾਨ ਨੇ ਪੱਛਮੀ ਪ੍ਰਭਾਵ ਵਿਰੁੱਧ ਭਾਰਤ ਤੋਂ ਮੰਗਿਆ ਸਹਿਯੋਗ

**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** ਬ੍ਰਿਕਸ (BRICS) ਦੇਸ਼ਾਂ ਦੇ ਉਪ-ਵਿਦੇਸ਼ ਮੰਤਰੀਆਂ ਅਤੇ ਵਿਸ਼ੇਸ਼ ਦੂਤਾਂ ਨੇ ਪੱਛਮੀ ਏਸ਼ੀਆ ਵਿੱਚ ਲਗਾਤਾਰ ਵਿਗੜ ਰਹੇ ਹਾਲਾਤ 'ਤੇ 'ਡੂੰਘੀ ਚਿੰਤਾ' ਜ਼ਾਹਰ ਕੀਤੀ ਹੈ।

ਨਵੀਂ ਦਿੱਲੀ ਵਿੱਚ ਹੋਈ ਇੱਕ ਅਹਿਮ ਮੀਟਿੰਗ ਦੌਰਾਨ ਮੈਂਬਰ ਦੇਸ਼ਾਂ ਨੇ ਖਿੱਤੇ ਵਿੱਚ ਸਥਿਰਤਾ ਲਿਆਉਣ ਲਈ ਮਨੁੱਖੀ ਸਹਾਇਤਾ, ਕੌਮਾਂਤਰੀ ਨਿਯਮਾਂ ਦੀ ਪਾਲਣਾ ਅਤੇ ਸਿਆਸੀ ਗੱਲਬਾਤ ਦੀ ਲੋੜ 'ਤੇ ਜ਼ੋਰ ਦਿੱਤਾ। ਸ਼ੁੱਕਰਵਾਰ ਨੂੰ ਹੋਈ ਇਸ ਸਲਾਹ-ਮਸ਼ਵਰੇ ਦੀ ਬੈਠਕ ਵਿੱਚ ਗਾਜ਼ਾ ਸੰਕਟ ਅਤੇ ਫਲਸਤੀਨ ਦੇ ਮੁੱਦੇ ਸਮੇਤ ਮੱਧ ਪੂਰਬ ਅਤੇ ਉੱਤਰੀ ਅਫਰੀਕਾ (MENA) ਦੇ ਹਾਲਾਤ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ।ਮੀਟਿੰਗ ਦੇ ਅੰਤ ਵਿੱਚ ਜਾਰੀ ਕੀਤੇ ਗਏ 'ਚੇਅਰਜ਼ ਸਟੇਟਮੈਂਟ' ਅਨੁਸਾਰ, ਨੁਮਾਇੰਦਿਆਂ ਨੇ ਗਾਜ਼ਾ ਵਿੱਚ ਮਨੁੱਖੀ ਮਦਦ ਦੀ ਤੁਰੰਤ ਪਹੁੰਚ ਯਕੀਨੀ ਬਣਾਉਣ ਅਤੇ ਸੰਯੁਕਤ ਰਾਸ਼ਟਰ ਦੀ ਏਜੰਸੀ (UNRWA) ਦੀ ਭੂਮਿਕਾ ਨੂੰ ਅਹਿਮ ਦੱਸਿਆ। ਬ੍ਰਿਕਸ ਦੇਸ਼ਾਂ ਨੇ ਅਤਿਵਾਦ ਵਿਰੁੱਧ 'ਜ਼ੀਰੋ-ਟੌਲਰੈਂਸ' ਦੀ ਨੀਤੀ ਨੂੰ ਦੁਹਰਾਉਂਦਿਆਂ ਸੰਯੁਕਤ ਰਾਸ਼ਟਰ ਦੇ ਸ਼ਾਂਤੀ ਮਿਸ਼ਨਾਂ (UNIFIL) 'ਤੇ ਹੋ ਰਹੇ ਹਮਲਿਆਂ ਨੂੰ ਨਾ-ਕਾਬਿਲੇ-ਬਰਦਾਸ਼ਤ ਕਰਾਰ ਦਿੱਤਾ। 28 ਫਰਵਰੀ ਨੂੰ ਪੱਛਮੀ ਏਸ਼ੀਆ ਵਿੱਚ ਸ਼ੁਰੂ ਹੋਏ ਤਾਜ਼ਾ ਟਕਰਾਅ ਤੋਂ ਬਾਅਦ, ਇਰਾਨ ਲਗਾਤਾਰ ਭਾਰਤ 'ਤੇ ਦਬਾਅ ਬਣਾ ਰਿਹਾ ਹੈ ਕਿ ਉਹ ਬ੍ਰਿਕਸ ਦੀ ਪ੍ਰਧਾਨਗੀ ਕਰਦਿਆਂ ਇਸ ਮੰਚ ਨੂੰ ਪੱਛਮੀ ਦੇਸ਼ਾਂ ਦੇ ਪ੍ਰਭਾਵ ਦੇ ਵਿਰੁੱਧ ਇੱਕ 'ਕੂਟਨੀਤਕ ਕਾਊਂਟਰਵੇਟ' ਵਜੋਂ ਵਰਤੇ।

ਇਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਅਤੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਭਾਰਤੀ ਲੀਡਰਸ਼ਿਪ ਨਾਲ ਕਈ ਵਾਰ ਗੱਲਬਾਤ ਕਰਕੇ ਅਮਰੀਕਾ ਅਤੇ ਇਜ਼ਰਾਈਲ ਦੇ 'ਫ਼ੌਜੀ ਹਮਲਿਆਂ' ਦੀ ਨਿੰਦਾ ਕਰਨ ਦੀ ਮੰਗ ਕੀਤੀ ਹੈ।




ਹਾਲਾਂਕਿ ਬ੍ਰਿਕਸ ਦੇਸ਼ ਇੱਕ ਬਹੁ-ਧਰੁਵੀ ਵਿਸ਼ਵ ਵਿਵਸਥਾ ਦੀ ਵਕਾਲਤ ਕਰ ਰਹੇ ਹਨ, ਪਰ ਮੈਂਬਰ ਦੇਸ਼ਾਂ ਦੇ ਆਪਸੀ ਹਿੱਤ ਵੱਖੋ-ਵੱਖਰੇ ਹੋਣ ਕਾਰਨ ਕਿਸੇ ਸਾਂਝੇ ਨਤੀਜੇ 'ਤੇ ਪਹੁੰਚਣਾ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ। ਭਾਰਤ ਲਈ ਵੀ ਇਹ ਸਥਿਤੀ ਨਾਜ਼ੁਕ ਹੈ, ਕਿਉਂਕਿ ਉਸ ਨੇ ਆਪਣੀ ਰਣਨੀਤਕ ਖ਼ੁਦਮੁਖਤਿਆਰੀ ਨੂੰ ਬਰਕਰਾਰ ਰੱਖਦੇ ਹੋਏ ਗਲੋਬਲ ਸਾਊਥ (Global South) ਦੀ ਆਵਾਜ਼ ਵਜੋਂ ਉੱਭਰਨਾ ਹੈ। ਬ੍ਰਿਕਸ ਦੇਸ਼ਾਂ ਨੇ ਫੈਸਲਾ ਕੀਤਾ ਹੈ ਕਿ ਉਹ ਅਗਲੀ ਮੀਟਿੰਗ 2027 ਵਿੱਚ ਚੀਨ ਦੀ ਪ੍ਰਧਾਨਗੀ ਹੇਠ ਕਰਨਗੇ।




ਮਾਨਸ ਕੀ ਜਾਤ ਸਭੈ ਏਕੈ ਪਹਚਾਨਬੋ
THE SIKH CULTURAL SOCIETY INC

ੴ ਸਤਿਗੁਰ ਪ੍ਰਸਾਦਿ॥

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ। ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ

38ਵੀਂ ਸਿੱਖ-ਡੇਅ-ਪਰੇਡ
SIKH DAY PARADE
NEW YORK

ਖ਼ਾਲਸਾ ਸਾਜਨਾ ਦਿਵਸ 2026

95-30 118 ਸਟਰੀਟ, ਰਿਚਮੰਡ ਹਿੱਲ, ਨਿਊਯਾਰਕ 11419 ਵਲੋਂ

ਅਤੇ

ਟਰਾਈ ਸਟੇਟ ਦੀਆਂ ਸਮੂਹ ਪ੍ਰਬੰਧਕ ਕਮੇਟੀਆਂ, ਸੇਵਾ ਸੁਸਾਇਟੀਆਂ,

ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਨਿਊਯਾਰਕ ਦੇ ਮਨਹਾਟਨ ਸ਼ਹਿਰ ਵਿਚ




38ਵੀਂ
ਸਿੱਖ-ਡੇਅ-ਪਰੇਡ
SIKH DAY PARADE
NEW YORK
25 ਅਪ੍ਰੈਲ 2026




## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ 38ਵੀਂ ਸਿੱਖ-ਡੇਅ-ਪਰੇਡ ਮਿਤੀ 25 ਅਪ੍ਰੈਲ 2026 ਦਿਨ ਸ਼ਨੀਵਾਰ ਨੂੰ ਦੁਪਹਿਰ 12 ਵਜੇ ਆਰੰਭ ਹੋਵੇਗੀ

ਆਪ ਸਭ ਨੂੰ ਬੇਨਤੀ ਹੈ ਕਿ ਵੀਰ ਸਿਰ ਤੇ ਕੇਸਰੀ ਦਸਤਾਰਾਂ ਤੇ ਭੈਣਾਂ ਕੇਸਰੀ ਦੁਪੱਟੇ ਸਜਾ ਕੇ ਪਰਿਵਾਰਾਂ ਸਮੇਤ ਇਸ ਪਰੇਡ ਵਿੱਚ ਸ਼ਾਮਲ ਹੋਵੋ ਜੀ ।

ਇਸ ਮੌਕੇ ਪਰੇਡ ਵਿੱਚ ਸਿੱਖ ਪੰਥ ਦੇ ਨਾਮਵਾਰ ਕੀਰਤਨੀ ਜਥੇ, ਕਥਾਵਾਚਕ, ਰਾਗੀ, ਢਾਡੀ ਸਾਹਿਬਾਨ ਅਤੇ ਉਚੇਚੇ ਤੋਰ ਤੇ ਨਿਊਯਾਰਕ ਸਿਟੀ ਦੇ ਅਧਿਕਾਰੀ, ਰਾਜਨੀਤਿਕ ਹਸਤੀਆਂ ਅਤੇ ਹੋਰ ਧਾਰਮਿਕ ਸ਼ਖਸ਼ੀਅਤਾਂ ਪਹੁੰਚ ਰਹੀਆਂ ਹਨ।

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਤੋਂ ਬੱਸਾਂ ਸਵੇਰੇ 9:00 ਤੋਂ 10:30 ਵਜੇ ਤੱਕ ਚੱਲਣਗੀਆਂ

### ਸੰਗਤਾਂ ਦੇ ਧਿਆਨ ਹਿੱਤ :

- **ਇਕੱਠ :** ਸੰਗਤਾਂ ਸਵੇਰੇ 10:00 ਵਜੇ ਤੋਂ 12:00 ਵਜੇ ਤੱਕ ਮਨਹਾਟਨ ਦੇ ਮੈਡੀਸਨ ਐਵਨਿਊ ਤੇ ਪਾਰਕ ਐਵਨਿਊ 37th ਤੇ 38th ਸਟਰੀਟ ਵਿੱਖੇ ਇੱਕਤਰ ਹੋਣਗੀਆਂ,
- **ਪਰੇਡ ਦਾ ਰੂਟ :** ਠੀਕ ਦੁਪਹਿਰ 12:30 ਵਜੇ ਮੈਡੀਸਨ ਐਵਨਿਊ ਅਤੇ 38th ਸਟਰੀਟ ਤੋਂ ਪਰੇਡ ਸ਼ੁਰੂ ਹੋ ਕੇ 24th ਵੀਂ ਸਟਰੀਟ ਵਿਖੇ ਖਤਮ ਹੋਵੇਗੀ ।
- **ਲੰਗਰ ਦੀ ਸੇਵਾ :** ਲੰਗਰ 26th ਸਟਰੀਟ ਪਾਰਕ ਐਵੇਨਿਉ ਤੇ ਮੈਡੀਸਨ ਐਵੇਨਿਉ ਵਿਚਕਾਰ ਹੋਣਗੇ ।
- **ਸਟੇਜ :** 24th ਸਟਰੀਟ ਤੇ ਸਟੇਜ ਸਜਾਈ ਜਾਵੇਗੀ ਜਿਥੋਂ ਢਾਡੀ ਜਥੇ, ਸਥਾਨਕ ਪ੍ਰਸ਼ਾਸ਼ਨ ਦੇ ਅਧਿਕਾਰੀ ਅਤੇ ਸਿਆਸਤਕਾਰਾਂ ਤੋਂ ਇਲਾਵਾ ਪੰਥਕ ਬੁਲਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਣਗੇ।

### ਬੇਨਤੀ ਕਰਤਾ : -

ਪ੍ਰਧਾਨ ਜਤਿੰਦਰ ਸਿੰਘ ਬੋਪਾਰਾਏ , ਗਿਆਨੀ ਧਰਮਵੀਰ ਸਿੰਘ ਅਤੇ ਸਮੂਹ ਪ੍ਰਬੰਧਕ ਕਮੇਟੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਉਯਾਰਕ ਫੋਨ : 718-846-3333

MEDIA SPONSOR
ਆਪਣਾ ਪੰਜਾਬ APNA PUNJAB media.tv NEW YORK | CHANDIGARH

ਇਸ ਮੌਕੇ ਤੇ ਆਪਣਾ ਪੰਜਾਬ ਮੀਡੀਆ ਗਰੁੱਪ ਵੱਲੋਂ ਸਪੈਸ਼ਲ ਸਪਲ਼ੀਮੈਂਟ ਕੱਢਿਆ ਜਾ ਰਿਹਾ ਹੈ ।
ਆਪਣਾ ਸੰਦੇਸ਼ /ਲੇਖ ਦੇਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰੋ : 1 516 989 8001 & 1 631 835 8000




Copyright: Apna Punjab Media 2025-26



ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL ESTD. 2005

Journalism With Guts to Tell It Like It Is!

apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE : NEWYORK - CHANDIGARH

Founder & Chief Editor : Gurmit Singh

1 516 989 8001 | 1 631 835 8000

Follow Us On /apnapunjabmedia

www.apnapunjabmedia.com newsroom@apnapunjabmedia.com

3 VOL XVIII, ISSUE 1908 | SATURDAY APRIL 25, 2026

PUNJAB/INDIA



BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।

Visit our dedicated pages for the latest national and international news.

ਹਟਕੇ ਹਟਕੇ


# Kejriwal ਦਿੱਲੀ ਦੇ 'ਰਹਿਮਾਨ ਡਕੈਤ'; ਲੋਧੀ ਰੋਡ 'ਤੇ ਤਿਆਰ ਕੀਤਾ ਨਵਾਂ 'ਸ਼ੀਸ਼ ਮਹਿਲ': ਪਰਵੇਸ਼ ਵਰਮਾ

**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** ਭਾਰਤੀ ਜਨਤਾਪਾਰਟੀਨੇਸ਼ਨਿੱਚਰਵਾਰ ਨੂੰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਇੱਥੇ ਲੋਧੀ ਐਸਟੇਟ ਵਿੱਚ ਅਲਾਟ ਕੀਤੇ ਗਏ ਨਵੇਂ ਬੰਗਲੇ ਦੇ ਮੁੱਦੇ 'ਤੇ ਘੇਰਿਆ। ਭਾਜਪਾ ਨੇ ਇਸ ਨੂੰ "ਸ਼ੀਸ਼ ਮਹਿਲ 2 ਦਾ ਨਾਮ ਦਿੱਤਾ ਹੈ ਅਤੇ ਦੋਸ਼ ਲਾਇਆ ਹੈ ਕਿ ਇਸ ਵਿੱਚ ਸਹੂਲਤਾਂ ਬਣਾਉਣ ਲਈ ਨਿੱਜੀ ਪੈਸਾ ਖਰਚ ਕੀਤਾ ਗਿਆ ਹੈ।



ਭਾਜਪਾ ਮੁੱਖ ਦਫਤਰ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਪਰਵੇਸ਼ ਸਾਹਿਬ ਸਿੰਘ ਵਰਮਾ ਨੇ ਕਿਹਾ ਕਿ ਕੇਜਰੀਵਾਲ ਨੂੰ ਆਲੀਸ਼ਾਨ ਜੀਵਨ ਬਤੀਤ ਕਰਨ ਦੀ ਆਦਤ ਪੈ ਗਈ ਹੈ। ਵਰਮਾ ਨੇ ਕਿਹਾ,"ਦਿੱਲੀ ਦੇ ਵੋਟਰਾਂ ਵੱਲੋਂ ਸ਼ੀਸ਼ ਮਹਿਲ ਤੋਂ ਬਾਹਰ ਕੱਢੇ ਜਾਣ ਤੋਂ ਬਾਅਦ, ਉਹ ਪੰਜਾਬ ਚਲੇ ਗਏ, ਜਿੱਥੇ ਉਨ੍ਹਾਂ ਨੇ ਇੱਕ ਬੰਗਲੇ 'ਤੇ ਕਬਜ਼ਾ ਕਰ ਲਿਆ ਅਤੇ ਹੁਣ ਉਨ੍ਹਾਂ ਨੇ ਲੋਧੀ ਐਸਟੇਟ ਵਿੱਚ ਸ਼ੀਸ਼ ਮਹਿਲ 2 ਤਿਆਰ ਕਰ ਲਿਆ ਹੈ।"

# ਜੇ ਪਾਰਟੀ ਸਹੀ ਰਾਹ 'ਤੇ ਚੱਲਦੀ ਤਾਂ ਕੋਈ ਸਾਥ ਨਾ ਛੱਡਦਾ: ਅੰਨਾ ਹਜ਼ਾਰੇ

## ਰਾਘਵ ਚੱਢਾ ਸਣੇ 7 ਸਾਂਸਦਾਂ ਦੇ ਅਸਤੀਫ਼ੇ ਤੋਂ ਬਾਅਦ ਅੰਨਾ ਨੇ ਕੇਜਰੀਵਾਲ ਨੂੰ ਵਿਖਾਇਆ ਸ਼ੀਸ਼ਾ; 'ਆਪ' 'ਤੇ ਚੁੱਕੇ ਸਵਾਲ

**ਮੁੰਬਈ:ਆਪਣਾ ਪੰਜਾਬ ਮੀਡੀਆ:** ਆਮ ਆਦਮੀ ਪਾਰਟੀ (ਆਪ) ਵਿੱਚ ਪਏ ਵੱਡੇ ਪਾੜ੍ਹੇ ਅਤੇ ਰਾਘਵ ਚੱਢਾ ਸਮੇਤ ਸੱਤ ਰਾਜ ਸਭਾ ਮੈਂਬਰਾਂ ਵੱਲੋਂ ਪਾਰਟੀ ਛੱਡਣ ਦੀ ਘਟਨਾ 'ਤੇ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ।



ਅੰਨਾ ਹਜ਼ਾਰੇ ਨੇ ਕਿਹਾ ਕਿ ਜੇਕਰ ਪਾਰਟੀ ਆਪਣੇ ਮੁੱਢਲੇ 'ਸਹੀ ਰਾਹ' 'ਤੇ ਚੱਲਦੀ ਹੁੰਦੀ, ਤਾਂ ਅੱਜ ਇਨ੍ਹਾਂ ਆਗੂਆਂ ਨੂੰ ਪਾਰਟੀ ਛੱਡਣ ਦੀ ਲੋੜ ਨਹੀਂ ਸੀ ਪੈਣੀ। ਮਹਾਰਾਸ਼ਟਰ ਦੇ ਅਹਿਲਿਆਨਗਰ ਜ਼ਿਲ੍ਹੇ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਜ਼ਾਰੇ ਨੇ ਕਿਹਾ, " ਲੋਕਤੰਤਰ ਵਿੱਚ ਹਰ ਕਿਸੇ ਨੂੰ ਆਪਣੀ ਰਾਏ ਰੱਖਣ ਦਾ ਹੱਕ ਹੈ। ਚੱਢਾ ਅਤੇ ਹੋਰਨਾਂ ਸਾਂਸਦਾਂ ਨੂੰ ਪਾਰਟੀ ਦੇ ਅੰਦਰ ਜ਼ਰੂਰ ਕਿਸੇ ਵੱਡੀ ਮੁਸ਼ਕਲ ਜਾਂ ਖਿੱਚੋਤਾਣ ਦਾ ਸਾਹਮਣਾ ਕਰਨਾ ਪਿਆ ਹੋਵੇਗਾ, ਜਿਸ ਕਾਰਨ ਉਨ੍ਹਾਂ ਨੇ ਇਹ ਕਦਮ ਚੁੱਕਿਆ ਹੈ।" ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਇਹ 'ਆਪ' ਦੀ ਲੀਡਰਸ਼ਿਪ ਦੀ ਗਲਤੀ ਹੈ ਕਿ ਉਹ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਚੱਲਣ ਵਿੱਚ ਨਾਕਾਮ ਰਹੀ ਹੈ। ਅੰਨਾ ਹਜ਼ਾਰੇ ਨੇ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਾਰਟੀ ਦੀ ਦਿਸ਼ਾ ਭਟਕ ਚੁੱਕੀ ਹੈ। ਉਨ੍ਹਾਂ ਕਿਹਾ,"ਜੇਕਰ ਪਾਰਟੀ ਸਹੀ ਦਿਸ਼ਾ ਵਿੱਚ ਜਾ ਰਹੀ ਹੁੰਦੀ, ਤਾਂ ਇਹ ਨੌਬਤ ਕਦੇ ਨਾ ਆਉਂਦੀ। ਲੋਕਤੰਤਰ ਵਿੱਚ ਹਰ ਵਿਅਕਤੀ ਇਹ ਤੈਅ ਕਰਨ ਲਈ ਆਜ਼ਾਦ ਹੈ ਕਿ ਉਸ ਨੇ ਕਿੱਥੇ ਰਹਿਣਾ ਹੈ ਅਤੇ ਕਿੱਥੋਂ ਜਾਣਾ ਹੈ।"

# ਗ਼ੱਦਾਰਾਂ ਨੂੰ ਮੁਆਫ਼ ਨਹੀਂ ਕਰਨਗੇ ਲੋਕ: Bhagwant Mann

## ਭਾਜਪਾ ਦੀਆਂ ਚਾਲਾਂ ਨੂੰ ਸਫਲ ਨਾ ਹੋਣ ਦੇਣ ਦਾ ਦਾਅਵਾ

**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਛੱਡਣ ਵਾਲੇ ਸੰਸਦ ਮੈਂਬਰਾਂ ਨੂੰ ਪੰਜਾਬ ਦੇ ਗ਼ੱਦਾਰ ਦੱਸਦਿਆਂ ਕਿਹਾ ਕਿ ਪੰਜਾਬ ਦੇ ਲੋਕ ਇਸ ਧੋਖੇਬਾਜ਼ੀ ਲਈ ਸਬਕ ਸਿਖਾਉਣਗੇ। ਇਨ੍ਹਾਂ ਸੰਸਦ ਮੈਂਬਰਾਂ ਨੇ ਨਿੱਜੀ ਹਿੱਤਾਂ ਲਈ ਪੰਜਾਬ ਦੇ ਲੋਕਾਂ ਦੀ ਪਿੱਠ 'ਚ ਛੁਰਾ ਮਾਰਿਆ ਹੈ ਅਤੇ ਅਣਖੀ ਲੋਕ ਕਦੇ ਵੀ ਇਨ੍ਹਾਂ ਗ਼ੱਦਾਰਾਂ ਨੂੰ ਮੁਆਫ਼ ਨਹੀਂ ਕਰਨਗੇ। ਪੰਜਾਬ 'ਚ ਭਾਜਪਾ ਦੀਆਂ ਚਾਲਾਂ ਸਫਲ ਨਹੀਂ ਹੋਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਤੋਂ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਪਾਸ ਕੀਤੇ ਗਏ ਹਨ, ਭਾਜਪਾ ਅੰਦਰ ਬੇਚੈਨੀ ਦਿਖਾਈ ਦੇ



ਰਹੀ ਹੈ। ਪੰਜਾਬ 'ਚ ਭਾਜਪਾ ਦਾ ਆਧਾਰ ਨਹੀਂ ਹੈ ਜਿਸ ਕਰ ਕੇ ਫੈਡਰਲ ਏਜੰਸੀਆਂ ਦੀ ਦੁਰਵਰਤੋਂ ਨਾਲ ਦਲ ਬਦਲੀ ਕਰਾਉਣ ਦੇ ਰਾਹ ਪਈ ਹੈ। ਪਹਿਲਾਂ ਕੇਂਦਰ ਸਰਕਾਰ ਨੇ ਪੰਜਾਬ ਦੇ ਫ਼ੰਡ ਰੋਕੇ ਅਤੇ ਫਿਰ ਵਿਕਾਸ ਕੰਮਾਂ 'ਚ ਵਿਘਨ ਪਾਇਆ। ਹੁਣ ਭਾਜਪਾ ਫੈਡਰਲ ਏਜੰਸੀਆਂ ਦੀ ਦੁਰਵਰਤੋਂ ਕਰਕੇ 'ਆਪ' ਨੂੰ ਤੋੜਨ ਦੀ ਕੋਸ਼ਿਸ਼ ਵਿੱਚ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਆਧਾਰ ਨਾ ਹੋਣ ਕਰ ਕੇ ਭਾਜਪਾ ਨੇ ਦਾਗ਼ੀ ਆਗੂਆਂ ਨੂੰ ਕਲੀਨ ਚਿੱਟ ਦੇਣ ਲਈ ਆਪਣੀ 'ਵਾਸ਼ਿੰਗ ਮਸ਼ੀਨ' ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ,"ਭਾਜਪਾ ਪੰਜਾਬ ਦੀ ਖ਼ੁਸ਼ਹਾਲੀ ਤੋਂ ਨਾਖ਼ੁਸ਼ ਹੈ ਅਤੇ ਡੂੰਘੀਆਂ ਸਾਜ਼ਿਸ਼ਾਂ ਰਚ ਰਹੀ ਹੈ। ਛੱਡ ਕੇ ਗਏ ਸੱਤ ਆਗੂ ਪੂਰੀ ਪਾਰਟੀ ਦੀ ਨੁਮਾਇੰਦਗੀ ਨਹੀਂ ਕਰਦੇ। ਉਨ੍ਹਾਂ ਦਾ ਅਸਲੀ ਚਿਹਰਾ ਬੇਨਕਾਬ ਹੋ ਗਿਆ ਹੈ।" ਮੁੱਖ ਮੰਤਰੀ ਨੇ ਭਾਜਪਾ ਨੂੰ ਚੁਣੌਤੀ ਦਿੱਤੀ ਕਿ ਉਹ ਉਨ੍ਹਾਂ ਨੂੰ ਖ਼ਰੀਦਣ, ਪ੍ਰੇਸ਼ਾਨ ਕਰਨ ਜਾਂ ਡਰਾਉਣ ਦੀ ਕੋਸ਼ਿਸ਼ ਕਰਨ। ਨਾ ਤਾਂ ਭਾਜਪਾ ਅਤੇ ਨਾ ਹੀ ਇਸ ਦੀਆਂ ਕੇਂਦਰੀ ਏਜੰਸੀਆਂ ਕੋਲ ਅਜਿਹਾ ਕਰਨ ਦੀ ਹਿੰਮਤ ਹੈ।

# ਭਾਜਪਾ ਲਈ ਰਾਘਵ ਚੱਢਾ ਨਾਲੋਂ ਸੰਦੀਪ ਪਾਠਕ ਕਿਉਂ ਹਨ 'ਵੱਡੀ ਗਨੀਮਤ'?

## ਚੱਢਾ ਕੋਲ 'ਗਲੈਮਰ' ਪਰ ਪਾਠਕ ਕੋਲ 'ਆਪ' ਦਾ ਜਥੇਬੰਦਕ ਢਾਂਚਾ

**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਆਮ ਆਦਮੀ ਪਾਰਟੀ (ਆਪ) ਲਈ ਰਾਘਵ ਚੱਢਾ ਦਾ ਸਾਥ ਛੱਡਣਾ ਉਨ੍ਹਾਂ ਚਿੰਤਾਜਨਕ ਨਹੀਂ ਹੈ, ਜਿੰਨਾ ਸ਼ਾਂਤ ਅਤੇ ਪਰਦੇ ਦੇ ਪਿੱਛੇ ਰਹਿ ਕੇ ਕੰਮ ਕਰਨ ਵਾਲੇ ਸੰਦੀਪ ਪਾਠਕ ਦਾ ਪਾਰਟੀ ਤੋਂ ਕਿਨਾਰਾ ਕਰਨਾ। ਸਿਆਸੀ ਮਾਹਿਰਾਂ



ਅਤੇ ਖ਼ੁਦ 'ਆਪ' ਦੇ ਅੰਦਰੂਨੀ ਹਲਕਿਆਂ ਵਿੱਚ ਇਹ ਚਰਚਾ ਆਮ ਹੈ ਕਿ ਰਾਘਵ ਚੱਢਾ ਭਾਜਪਾ ਲਈ ਸਿਰਫ਼ 'ਚਮਕ-ਦਮਕ' (ਗਲੈਮਰ) ਲਿਆ ਸਕਦੇ ਹਨ, ਪਰ ਸੰਦੀਪ ਪਾਠਕ ਉਹ ਸ਼ਖ਼ਸ ਹਨ ਜੋ 'ਆਪ' ਦੀ ਪੂਰੀ ਜਥੇਬੰਦਕ ਰਣਨੀਤੀ ਆਪਣੇ ਨਾਲ ਲੈ ਕੇ ਗਏ ਹਨ। ਰਾਘਵ ਚੱਢਾ ਵੱਲੋਂ 63 ਵਿਧਾਇਕਾਂ ਦੇ ਸਮਰਥਨ ਦਾ ਦਾਅਵਾ ਫਿਲਹਾਲ 'ਆਪ' ਦੀ ਹਾਈਕਮਾਂਡ ਨੂੰ ਬਹੁਤਾ ਪਰੇਸ਼ਾਨ ਨਹੀਂ ਕਰ ਰਿਹਾ। ਪਾਰਟੀ ਦਾ ਮੰਨਣਾ ਹੈ ਕਿ ਇੰਨੇ ਵੱਡੇ ਪੱਧਰ 'ਤੇ ਦਲ-ਬਦਲੀ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ। ਸਗੋਂ, ਚੱਢਾ ਦੇ ਇਸ ਦਾਅਵੇ ਨੇ ਵਿਧਾਇਕਾਂ ਦੀ ਸਥਿਤੀ ਮਜ਼ਬੂਤ ਕਰ ਦਿੱਤੀ ਹੈ।



Copyright: Apna Punjab Media 2025-26



ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor : Gurmit Singh

1 516 989 8001 | 1 631 835 8000

CORPORATE OFFICE :
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

4 VOL XVIII, ISSUE 1908 | SATURDAY APRIL 25, 2026

NEW YORK



# BAANI SWEETS

Richmond Hill New York | Carteret New Jersey




Service Since 2006 under the name of Punjabi Dhaba

ਬਾਣੀ ਸਵੀਟਸ ਦੇ ਮਾਲਿਕ ਓਹੀ ਪੰਜਾਬੀ ਢਾਬੇ ਵਾਲੇ ਹੀ ਹਨ,
ਸ਼ਿਰਫ਼ ਨਾਮ ਬਦਲ ਕੇ ਬਾਣੀ ਸਵੀਟਸ ਕਰ ਦਿੱਤਾ ਗਿਆ ਹੈ।

**BAANI SWEETS (NY)**

113-11 101 Ave. s. Richmond Hill, NY 11419

Phone 718-850-0200

Phone 347-613-4287



FOUNDER
Late: S. Gurmit Singh



Harpreet Singh
(347) 613-4287

Contact Us Today



# TIER 1 BUILDERS

## COMPREHENSIVE CONSTRUCTION

SERVING THE COMMUNITY FOR 20+ YEARS

TIER 1 BUILDERS





FULLY LICENSED & INSURED

Specialize in All Carpentry

- Rough & Finish Carpenter work
- Custom Millwork / Fabrication
- Full General Construction
- Concrete

*GENERAL CONTRACTING:*

- *COMMERCIAL*
- *RESIDENTIAL*
- *INDUSTRIAL*

Call For Free Estimates



Darshpreet Singh
347-833-3713



Balwinder Singh
917-774-8566

Email: tieronebuildersinc@gmail.com tieronebuilders Tier One Builders


 Copyright: Apna Punjab Media 2025-26 



ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Google apna punjab media

Founder & Chief Editor: Gurmit Singh

1 516 989 8001 | 1 631 835 8000

COVERING DIASPORA INTERNATIONALLY

APNA PUNJAB media.tv HD

CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com




# ਵੈੱਬ ਸੀਰੀਜ਼ ਦਾ ਵਿਰੋਧ ਪਿਆ ਮਹਿੰਗਾ; ਲਾਰੈਂਸ ਗਰੁੱਪ ਵੱਲੋਂ ਰੰਧਾਵਾ, ਵੜਿੰਗ ਤੇ ਮਜੀਠੀਆ ਨੂੰ ਧਮਕੀਆਂ

## ਵੈੱਬ ਸੀਰੀਜ਼ ਦਾ ਵਿਰੋਧ ਕਰਨ 'ਤੇ ਨਿਸ਼ਾਨੇ 'ਤੇ ਆਏ ਸਿਆਸੀ ਆਗੂ; ਰੰਧਾਵਾ ਨੇ ਜੇਲ੍ਹਾਂ 'ਚ ਮੋਬਾਈਲ ਦੀ ਵਰਤੋਂ 'ਤੇ ਚੁੱਕੇ ਸਵਾਲ



**ਚੰਡੀਗੜ੍ਹ:ਆਪਣਾ ਪੰਜਾਬ ਮੀਡੀਆ:** ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਲਾਰੈਂਸ ਬਿਸ਼ਨੋਈ ਗਰੁੱਪ ਵੱਲੋਂ ਧਮਕੀ ਭਰਿਆ ਸੁਨੇਹਾ ਮਿਲਿਆ ਹੈ। ਇਹ ਧਮਕੀ ਰੰਧਾਵਾ ਵੱਲੋਂ ਵਿਵਾਦਤ ਡਾਕੂਮੈਂਟਰੀ/ਵੈੱਬ ਸੀਰੀਜ਼ 'ਲਾਰੈਂਸ ਆਫ ਪੰਜਾਬ' ਦੀ ਰਿਲੀਜ਼ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਅਤੇ ਇਸ 'ਤੇ ਪਾਬੰਦੀ ਲਗਾਉਣ ਦੀ ਮੰਗ ਕਰਨ ਤੋਂ ਬਾਅਦ ਦਿੱਤੀ ਗਈ ਹੈ। ਰੰਧਾਵਾ ਨੇ ਇਸ ਬਾਰੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੂੰ ਜਾਣੂ ਕਰਵਾ ਦਿੱਤਾ ਹੈ।

ਧਮਕੀ ਮਿਲਣ ਤੋਂ ਬਾਅਦ ਰੰਧਾਵਾ ਨੇ ਗੈਂਗਸਟਰਾਂ ਨੂੰ ਕੇਂਦਰੀ ਏਜੰਸੀਆਂ ਦੀ ਪੁਸ਼ਤਪਨਾਹੀ ਹੋਣ ਦਾ ਦੋਸ਼ ਲਾਇਆ। ਉਨ੍ਹਾਂ ਸਵਾਲ ਕੀਤਾ ਕਿ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਅਜੇ ਵੀ ਕਿਵੇਂ ਸਰਗਰਮ ਹੈ ਅਤੇ ਧਮਕੀਆਂ ਦੇ ਰਿਹਾ ਹੈ? ਇਸੇ ਤਰ੍ਹਾਂ ਉਨ੍ਹਾਂ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਜੱਗੂ ਭਗਵਾਨਪੁਰੀਆ ਵੱਲੋਂ ਖੁੱਲ੍ਹੇਆਮ ਮੋਬਾਈਲ ਫ਼ੋਨ ਵਰਤਣ ਦੇ ਵੀ ਗੰਭੀਰ ਦੋਸ਼ ਲਾਏ।

ਜਾਣਕਾਰੀ ਅਨੁਸਾਰ ਰੰਧਾਵਾ ਤੋਂ ਇਲਾਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਅਤੇ ਖ਼ੁਦ ਡੀਜੀਪੀ ਗੌਰਵ ਯਾਦਵ ਨੂੰ ਵੀ ਵਟਸਐਪ ਰਾਹੀਂ ਅਜਿਹੇ ਹੀ ਧਮਕੀ ਭਰੇ ਸੁਨੇਹੇ ਭੇਜੇ ਗਏ ਹਨ।ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਗੈਂਗਸਟਰਾਂ ਵਿਰੁੱਧ ਇਸ ਲੜਾਈ ਨੂੰ ਨਿਰਣਾਇਕ ਮੋੜ ਤੱਕ ਲੈ ਕੇ ਜਾਵੇਗੀ।

ਉਨ੍ਹਾਂ ਐਲਾਨ ਕੀਤਾ ਕਿ 'ਗੈਂਗਸਟਰ ਮੁਕਤ ਪੰਜਾਬ' ਉਨ੍ਹਾਂ ਦੀ ਪਾਰਟੀ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬੀਆਂ ਦੇ ਸਖ਼ਤ ਵਿਰੋਧ ਮਗਰੋਂ ਭਾਰਤ ਸਰਕਾਰ ਨੇ ਇਸ ਵੈੱਬ ਸੀਰੀਜ਼ ਦੀ ਰਿਲੀਜ਼ 'ਤੇ ਰੋਕ ਲਗਾ ਦਿੱਤੀ ਹੈ।

## NAME CHANGE

I, Salinder, son of Ishwar, residing at V.P.O. Pabnawa, Tehsil Dhand, District Kaithal, PIN 136020, Haryana, India, currently residing at 7222 Pepperwood knoll lane, Apt-58, Sacramento, CA 95842, hereby declare that I am changing my name from Salinder to Salinder Singh, effective immediately. All concerned parties are requested to take note of this name change. Sworn and subscribed on this 20th day of April 2026.

# 'ਆਪ' ਨੂੰ ਆਪਣੀ ਰਣਨੀਤੀ ਬਦਲਣ ਦੀ ਸਖ਼ਤ ਲੋੜ: ਮਲਵਿੰਦਰ ਸਿੰਘ ਕੰਗ




## ਸੰਦੀਪ ਪਾਠਕ ਨਾਲ ਸਾਲ ਭਰ ਕਿਸੇ ਨੇ ਰਾਬਤਾ ਨਹੀਂ ਰੱਖਿਆ: ਕੰਗ

**ਚੰਡੀਗੜ੍ਹ:ਆਪਣਾ ਪੰਜਾਬ ਮੀਡੀਆ:** ਆਮ ਆਦਮੀ ਪਾਰਟੀ (ਆਪ) ਦੇ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਪਾਰਟੀ ਦੇ ਮੌਜੂਦਾ ਹਾਲਾਤ 'ਤੇ ਗੰਭੀਰ ਚਿੰਤਾ ਪ੍ਰਗਟਾਉਂਦਿਆਂ ਕਿਹਾ ਹੈ ਕਿ 'ਆਪ' ਨੂੰ ਆਪਣੀ ਰਣਨੀਤੀ ਬਦਲਣ ਦੀ ਸਖ਼ਤ ਲੋੜ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਇੱਕ ਅਜਿਹੀ ਲੋਕਤੰਤਰੀ ਜਥੇਬੰਦੀ ਵਜੋਂ ਕੰਮ ਕਰਨਾ ਚਾਹੀਦਾ ਹੈ ਜਿੱਥੇ ਹਰ ਕਿਸੇ ਦੀ ਗੱਲ ਸੁਣੀ ਜਾਵੇ, ਤਾਂ ਹੀ ਭਵਿੱਖ ਵਿੱਚ ਆਗੂਆਂ ਦੇ ਪਾਰਟੀ ਛੱਡਣ ਦੇ ਸਿਲਸਿਲੇ ਨੂੰ ਰੋਕਿਆ ਜਾ ਸਕਦਾ ਹੈ। ਅੱਜ ਸਵੇਰੇ 'ਦਿ ਟ੍ਰਿਬਿਊਨ' ਨਾਲ ਇੱਕ ਵਿਸ਼ੇਸ਼ ਇੰਟਰਵਿਊ ਦੌਰਾਨ ਸ੍ਰੀ ਕੰਗ ਨੇ ਕਿਹਾ ਕਿ ਪਾਰਟੀ ਲੀਡਰਸ਼ਿਪ ਨੂੰ ਆਪਣੇ ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਹੋਰ ਆਗੂਆਂ ਨਾਲ ਬਿਹਤਰ ਤਾਲਮੇਲ ਬਣਾਉਣਾ ਚਾਹੀਦਾ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਸੰਦੀਪ ਪਾਠਕ ਵਰਗਾ ਅਹਿਮ ਆਗੂ ਪਾਰਟੀ ਨੂੰ ਕਦੇ ਨਾ ਛੱਡਦਾ ਜੇਕਰ ਲੀਡਰਸ਼ਿਪ ਉਨ੍ਹਾਂ ਦੇ ਸੰਪਰਕ ਵਿੱਚ ਰਹਿੰਦੀ। ਕੰਗ ਨੇ ਦਾਅਵਾ ਕੀਤਾ ਕਿ ਪਿਛਲੇ ਇੱਕ ਸਾਲ ਤੋਂ ਪਾਰਟੀ ਵਿੱਚ ਕੋਈ ਵੀ ਪਾਠਕ ਨਾਲ ਰਾਬਤੇ ਵਿੱਚ ਨਹੀਂ ਸੀ।ਰਾਘਵ ਚੱਢਾ 'ਤੇ ਨਿਸ਼ਾਨਾ ਸ੍ਰੀ ਕੰਗ ਨੇ ਰਾਘਵ ਚੱਢਾ ਦਾ ਨਾਮ ਲੈਂਦਿਆਂ ਕਿਹਾ ਕਿ ਚੱਢਾ ਨੂੰ ਬੇਲਗਾਮ ਤਾਕਤ ਮਿਲੀ ਹੋਈ ਸੀ, ਜਿਸਦੀ ਉਨ੍ਹਾਂ ਨੇ ਦੁਰਵਰਤੋਂ ਕੀਤੀ। ਉਨ੍ਹਾਂ ਕਿਹਾ, "ਤਾਕਤ ਕੁਝ ਕੁ ਹੱਥਾਂ ਵਿੱਚ ਕੇਂਦਰਿਤ ਹੋਣ ਦੀ ਬਜਾਏ ਵੰਡੀ ਜਾਣੀ ਚਾਹੀਦੀ ਹੈ।" ਕੰਗ, ਜੋ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਤੋਂ ਬਾਅਦ ਪਾਰਟੀ ਦਾ ਸਭ ਤੋਂ ਪ੍ਰਮੁੱਖ ਚਿਹਰਾ ਮੰਨੇ ਜਾਂਦੇ ਹਨ, ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ 'ਆਪ' ਇੱਕ ਪਰਿਪੱਕ ਸਿਆਸੀ ਪਾਰਟੀ ਵਾਂਗ ਵਿਵਹਾਰ ਕਰੇ।


DIGITAL PHOTO & VIDEO

NEWYORK USA

646-403-7334

116-12 101 Ave, South Richmond Hill, NY 11419

A COMPLETE SOLUTION OF 4K & FULL HD VIDEOS & DIGITAL PHOTOS

718-441-6516

OUR SERVICES

Wedding Photography — Ring Ceremony

Birthday Photography — ALL Other Function

Sweet Sixteen — Kids Photography



bj_video@yahoo.com

www.bjphotography.com





Copyright: Apna Punjab Media 2025-26

Graphic & Design: Apna Punjab Media Team



Founder & Chief Editor: Gurmit Singh

1 516 989 8001 | 1 631 835 8000

ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

6 VOL XVIII, ISSUE 1908 | SATURDAY APRIL 25, 2026

NEW YORK



ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥ ਜਬ ਇਹ ਗਹੈ ਬਿਪਰਨ ਕੀ ਰੀਤ । ਮੈਂ ਨ ਕਰੋਂ ਇਨ ਕੀ ਪ੍ਰਤੀਤ ॥

# ਸਿੱਖ ਸੁਸਾਇਟੀ ਆਫ ਇੰਡੀਆਨਾ

ਮਿਡਵੈਸਟ ਦੀਆਂ ਸਮੂਹ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਮੂਹ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ



## SIKH DAY PRADE



ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ

ਨੂੰ ਸਮਰਪਿਤ

12ਵਾਂ ਸਾਲਾਨਾਂ ਨਗਰ ਕੀਰਤਨ

ਸਿੱਖ ਡੇ ਪਰੇਡ

25 ਅਪ੍ਰੈਲ 2026 ਦਿਨ ਸ਼ਨਿਚਰਵਾਰ ਦੁਪਹਿਰ 12 ਵਜੇ ਤੋਂ ਸ਼ਾਮ 5:00 ਵਜੇ

ਸਥਾਨ - ਵਾਰ ਮੈਮੋਰੀਅਲ ਪਾਰਕ, 55 ਈਸਟ ਮਿਸ਼ੀਗਨ, ਸਟ੍ਰੀਟ ਇੰਡੀਆਨਾਪੋਲਿਸ, ਇੰਡਿਆਨਾ

ਵਿਖੇ ਢਾਡੀ ਵਾਰਾਂ, ਕਥਾ ਵਿਚਾਰ ਅਤੇ ਕੀਰਤਨ ਸਜਾਏ ਜਾਣਗੇ,
ਢਾਡੀ ਜੱਥਾ ਹਰਜੋਤ ਸਿੰਘ ਗੁਰਦਾਸਪੁਰ , ਮੋਹਨ ਸਿੰਘ ਬਡਾਣਾ ਅਤੇ ਹੋਰ ਪੰਥਕ ਲੀਡਰ ਸੰਗਤਾਂ ਨੂੰ ਸੰਬੋਧਨ ਕਰਨਗੇ, ਸਮੂਹ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਪਰਿਵਾਰਾਂ ਸਮੇਤ ਹਾਜਰੀ ਲਗਵਾਈਏ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆ ਪ੍ਰਾਪਤ ਕਰੀਏ ਜੀ ।

ਨਗਰ ਕੀਰਤਨ ਦੀ ਸਫਲਤਾ ਲਈ ਸ਼ੁਕਰਾਨੇ ਵਜੋਂ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
22 ਅਪ੍ਰੈਲ 2026, ਸਮਾਂ ਸਵੇਰੇ 10:00 ਵਜੇ

ਸਥਾਨ ਗੁਰਦੁਆਰਾ ਸ੍ਰੀ ਗੁਰੂ ਅੰਗਦ ਦੇਵ ਜੀ
5336 West Hanna Avertus
Indianapolis 46221

ਭੋਗ ਸ੍ਰੀ ਅਖੰਡ ਪਾਠ ਸਾਹਿਬ
24 ਅਪ੍ਰੈਲ 2026, ਸਮਾਂ ਸਵੇਰੇ 10:00 ਵਜੇ

25 ਅਪ੍ਰੈਲ 2026, ਦਿਨ ਸ਼ਨਿਚਰਵਾਰ

ਅਰਦਾਸ ਗੁਰੂ ਘਰ ਤੋਂ ਰਵਾਨਾ ਸ਼ਹਿਰ ਲਈ - ਸਵੇਰੇ 11 ਵਜੇ । ਅਰਦਾਸ ਆਰੰਭ ਨਗਰ ਕੀਰਤਨ ਦੁਪਹਿਰ 12 ਵਜੇ

ਕਿਰਪਾ ਕਰਕੇ ਆਪਣੇ ਸੁਝਾਅ ਦਿਓ (317) 702-5541 ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਲੰਗਰ ਅਤੇ ਫਲੋਟ ਲਈ
(317) 800-9957

## ਵਲੋਂ : ਸਿੱਖ ਸੁਸਾਇਟੀ ਆਫ ਇੰਡੀਆਨਾ

ਸਹਿਯੋਗ ਕਰਤਾ : ਸਮੂਹ ਇੰਡੀਆਨਾ ਮਿਡਵੈਸਟ ਗੁਰਦੁਆਰਾ ਪ੍ਰਬੰਧਕ ਕਮੇਟੀਆਂ

ਮੁੱਖ ਸੇਵਾਦਾਰ ਭਾਈ ਹਰਬੰਤ ਸਿੰਘ
(317) 361-6713

www.sikhsocietyofindiana.org chagcietyofindiana sikhsocietyofindiana@gmail.com

MEDIA SPONSOR

ਆਪਣਾ ਪੰਜਾਬ APNA PUNJAB Journalism With Guts to Tell It Like It Is! APNA PUNJAB media.tv HD

NEW YORK | CHANDIGARH



GURMIT SINGH
CEO & PRESIDENT
APNA PUNJAB MEDIA
GROUP NEW YORK
1 516 989 8001

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!

Founder & Chief Editor : Gurmit Singh
1 516 989 8001 | 1 631 835 8000

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com


# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਧੂਮਧਾਮ ਨਾਲ ਮਨਾਇਆ ਗਿਆ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦਾ ਸ਼ੁੱਭ ਦਿਹਾੜਾ

PAGE 1 OF 4



## ਇਲਾਕੇ ਦੀਆਂ ਸੰਗਤਾਂ ਦਾ ਸਮਾਗਮ ਚ ਸ਼ਾਮਿਲ ਹੋਣ ਲਈ ਦਿਲੋਂ ਧੰਨਵਾਦ ਕੀਤਾ : ਪ੍ਰਧਾਨ ਸੁਖਜਿੰਦਰ ਸਿੰਘ

Photo By: Baldev Singh Bj Studio 1646 403 7334
Report & Edited By : Apna Punjab Media Team 1 631 835 8000







ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਧਾਰਮਿਕ ਅਸਥਾਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਪਾਵਨ ਤਿਉਹਾਰ ਬੜੀ ਸ਼ਰਧਾ, ਉਤਸ਼ਾਹ ਅਤੇ ਰੂਹਾਨੀ ਮਾਹੌਲ ਵਿਚ ਮਨਾਇਆ ਗਿਆ। ਇਸ ਮੌਕੇ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰਕੇ ਗੁਰੂ ਘਰ ਪਰਿਵਾਰਾਂ ਸਮੇਤ ਭਾਗ ਲਿਆ ਅਤੇ ਗੁਰੂ ਸਾਹਿਬ ਦੀ ਬਾਣੀ ਦਾ ਆਨੰਦ ਮਾਣਿਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸਾਖੀ ਦੇ ਇਸ ਪਾਵਨ ਦਿਹਾੜੇ ਨੂੰ ਮਨਾਉਣ ਲਈ ਵਿਸ਼ੇਸ਼ ਅਤੇ ਸੁਚੱਜੇ ਪ੍ਰਬੰਧ ਕੀਤੇ ਗਏ ਸਨ। ਸੰਗਤਾਂ ਲਈ ਲੰਗਰ, ਰਹਿਣ-ਸਹਿਣ ਅਤੇ ਸੁਰੱਖਿਆ ਦੇ ਪੱਖੋਂ ਉੱਚ ਪੱਧਰੀ ਇੰਤਜ਼ਾਮ ਕੀਤੇ ਗਏ, ਜਿਸ ਕਾਰਨ ਹਰ ਆਉਣ ਵਾਲੇ ਸ਼ਰਧਾਲੂ ਨੂੰ ਸਹੂਲਤ ਅਤੇ ਆਤਮਿਕ ਸ਼ਾਂਤੀ ਦਾ ਅਨੁਭਵ ਹੋਇਆ।

Cont...














Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com



# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਧੂਮਧਾਮ ਨਾਲ ਮਨਾਇਆ ਗਿਆ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦਾ ਸ਼ੁੱਭ ਦਿਹਾੜਾ

PAGE 2 OF 4



## ਇਲਾਕੇ ਦੀਆਂ ਸੰਗਤਾਂ ਦਾ ਸਮਾਗਮ ਚ ਸ਼ਾਮਿਲ ਹੋਣ ਲਈ ਦਿਲੋਂ ਧੰਨਵਾਦ ਕੀਤਾ : ਪ੍ਰਧਾਨ ਸੁਖਜਿੰਦਰ ਸਿੰਘ

Photo By: Baldev Singh Bj Studio 1646 403 7334
Report & Edited By : Apna Punjab Media Team 1 631 835 8000
















ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ **ਪ੍ਰਧਾਨ ਸੁਖਜਿੰਦਰ ਸਿੰਘ ਸੁਭਾਨਪੁਰ** ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਦਿਲੋਂ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਪਾਵਨ ਦਿਹਾੜਾ ਸਾਨੂੰ ਸਿੱਖੀ ਦੇ ਅਸੂਲਾਂ, ਸੇਵਾ, ਸਿਮਰਨ ਅਤੇ ਇਕਤਾ ਦੇ ਮੂਲ ਸਿਧਾਂਤਾਂ ਨਾਲ ਜੋੜਦਾ ਹੈ। ਉਨ੍ਹਾਂ ਨੇ ਇਹ ਵੀ ਉਜਾਗਰ ਕੀਤਾ ਕਿ ਗੁਰੂ ਘਰ ਦੀ ਸੇਵਾ ਸਿਰਫ਼ ਕਮੇਟੀ ਦੀ ਨਹੀਂ, ਸਗੋਂ ਹਰ ਸੰਗਤ ਅਤੇ ਸਥਾਨਕ ਪਰਿਵਾਰਾਂ ਦੀ ਸਾਂਝੀ ਜ਼ਿੰਮੇਵਾਰੀ ਹੈ।

Cont...













Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ BILINGUAL ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com


# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਧੂਮਧਾਮ ਨਾਲ ਮਨਾਇਆ ਗਿਆ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦਾ ਸ਼ੁੱਭ ਦਿਹਾੜਾ

**PAGE 3 OF 4**



## ਇਲਾਕੇ ਦੀਆਂ ਸੰਗਤਾਂ ਦਾ ਸਮਾਗਮ ਚ ਸ਼ਾਮਿਲ ਹੋਣ ਲਈ ਦਿਲੋਂ ਧੰਨਵਾਦ ਕੀਤਾ : ਪ੍ਰਧਾਨ ਸੁਖਜਿੰਦਰ ਸਿੰਘ

Photo By: Baldev Singh Bj Studio 1646 403 7334
Report & Edited By : Apna Punjab Media Team 1 631 835 8000








ਪ੍ਰਧਾਨ ਸੁਖਜਿੰਦਰ ਸਿੰਘ ਸੁਭਾਨਪੁਰ ਨੇ ਖਾਸ ਤੌਰ 'ਤੇ ਸਥਾਨਕ ਪੰਜਾਬੀ ਪਰਿਵਾਰਾਂ ਦੀ ਭੂਮਿਕਾ ਦੀ ਭਰਪੂਰ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ





ਆਪਣੇ ਪਰਿਵਾਰਾਂ ਸਮੇਤ ਸੇਵਾ ਵਿੱਚ ਵੱਡਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਇਹਨਾਂ ਪਰਿਵਾਰਾਂ ਦੀ ਨਿਸ਼ਕਾਮ ਸੇਵਾ ਅਤੇ ਸਹਿਯੋਗ ਨਾਲ ਹੀ ਐਸੇ ਵੱਡੇ ਧਾਰਮਿਕ ਸਮਾਗਮ ਸਫਲਤਾਪੂਰਵਕ ਸੰਪੰਨ ਹੁੰਦੇ ਹਨ।

ਸਮਾਗਮ ਵਿੱਚ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਸ਼ਰਿਕਤ ਕੀਤੀ, ਜਿਨ੍ਹਾਂ ਵਿੱਚ ਕਵੀਨਜ਼ ਡਿਸਟ੍ਰਿਕਟ ਅਟਾਰਨੀ Melinda Katz, NYS , ਐਸੈਂਬਲੀ ਉਮੀਦਵਾਰ Pesach Osina (D-23), ਡਿਸਟ੍ਰਿਕਟ ਲੀਡਰ ਉਮੀਦਵਾਰ **Varinder Singh (Vicky)** ,



ਨਿਊਯਾਰਕ ਸਿਟੀ ਦੇ ਡਿਪਟੀ ਕਮਿਸ਼ਨਰ ਮਾਸ ਐਨਗੇਜਮੈਂਟ Jagpreet Singh , ਅਤੇ ਐਸੈਂਬਲੀਵੁਮੈਨ Jenifer Raj Kumar (D-38) ਸ਼ਾਮਲ ਸਨ।

**Cont...**






Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1 516 989 8001 | 1 631 835 8000
CORPORATE OFFICE : NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com





# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਧੂਮਧਾਮ ਨਾਲ ਮਨਾਇਆ ਗਿਆ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦਾ ਸ਼ੁੱਭ ਦਿਹਾੜਾ

PAGE 4 OF 4




## ਇਲਾਕੇ ਦੀਆਂ ਸੰਗਤਾਂ ਦਾ ਸਮਾਗਮ ਚ ਸ਼ਾਮਿਲ ਹੋਣ ਲਈ ਦਿਲੋਂ ਧੰਨਵਾਦ ਕੀਤਾ : ਪ੍ਰਧਾਨ ਸੁਖਜਿੰਦਰ ਸਿੰਘ

Photo By: Baldev Singh Bj Studio 1646 403 7334
Report & Edited By : Apna Punjab Media Team 1 631 835 8000








ਇਨ੍ਹਾਂ ਮਹਿਮਾਨਾਂ ਨੇ ਸੰਗਤਾਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੰਦਿਆਂ ਸਿੱਖ ਕੌਮ ਦੇ ਯੋਗਦਾਨ ਅਤੇ ਖਾਲਸਾ ਪੰਥ ਦੀ ਮਹਾਨ ਵਿਰਾਸਤ ਨੂੰ ਸਲਾਮ ਕੀਤਾ।

ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮ ਦੌਰਾਨ ਜਰਨਲ ਸਕੱਤਰ ਹਰਜੀਤ ਸਿੰਘ ਗਿਲਜੀਆਂ, ਚੇਅਰਮੈਨ ਨਰਿੰਦਰ ਸਿੰਘ ਬਰਾੜਾ, ਕੈਸ਼ੀਅਰ ਗਰੀਬ ਸਿੰਘ ਕਾਲੀ ਸਮੇਤ ਕਮੇਟੀ ਦੇ ਹੋਰ ਮੈਂਬਰ ਵੀ ਮੌਜੂਦ ਰਹੇ।

ਅੰਤ ਵਿੱਚ ਪ੍ਰਧਾਨ ਸੁਖਜਿੰਦਰ ਸਿੰਘ ਸੁਭਾਨਪੁਰ ਨੇ ਦੱਸਿਆ ਕਿ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਕਮੇਟੀ ਵੱਲੋਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮ ਕਰਵਾਏ ਜਾਂਦੇ ਰਹਿਣਗੇ, ਤਾਂ ਜੋ ਨੌਜਵਾਨ ਪੀੜ੍ਹੀ ਨੂੰ ਆਪਣੇ ਧਰਮ ਅਤੇ ਵਿਰਾਸਤ ਨਾਲ ਜੋੜਿਆ ਜਾ ਸਕੇ।

ਇਹ ਸਮਾਗਮ ਸਿਰਫ਼ ਧਾਰਮਿਕ ਹੀ ਨਹੀਂ, ਸਗੋਂ ਸਾਂਝ, ਇਕਤਾ ਅਤੇ ਸੇਵਾ ਦੇ ਸਿਧਾਂਤਾਂ ਦਾ ਜੀਵੰਤ ਉਦਾਹਰਨ ਵੀ ਬਣਿਆ।

ਜਿਕਰਯੋਗ ਹੈ ਕਿ ਇਸ ਤਰਾਂਹ ਦੇ ਸਮਾਗਮ ਜਿਥੇ ਸਿੱਖੀ ਪ੍ਰਚਾਰ ਪਸਾਰ ਵਿਚ ਅਹਿਮ ਯੋਗਦਾਨ ਨਿਭਾਉਂਦੇ ਹਨ , ਉਥੇ ਹੀ ਆਉਣ ਵਾਲੀ ਪੀੜੀ ਨੂੰ ਸਿੱਖ ਧਰਮ ਨਾਲ ਜੋੜ ਕੇ ਰੱਖਦੇ ਹਨ।

ਦਸ ਦਈਏ ਕਿ ਆਪਣਾ ਪੰਜਾਬ ਮੀਡੀਆ ਅਤੇ ਹੋਰ ਪੰਜਾਬੀ ਮੀਡੀਆ ਅਦਾਰਿਆਂ ਵਲੋਂ ਇਸ ਸਮਾਗਮ ਦੀ ਵਿਸ਼ੇਸ਼ ਕੋਵੇਰਾਗੇ ਵੀ ਕੀਤੀ ਗਈ । ਕਮੇਟੀ ਵਲੋਂ ਆਉਣ ਵਾਲੇ ਸਮੇ ਵਿਚ ਵੱਧ ਤੋਂ ਵੱਧ ਸਮਾਗਮ ਵੱਡੇ ਪੱਧਰ ਤੇ ਕਰਵਾਏ ਜਾਣਗੇ ।







Copyright: Apna Punjab Media 2025-26



Founder & Chief Editor: Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

11 VOL XVIII, ISSUE 1908 | SATURDAY APRIL 25, 2026

NEW YORK



ਨਿਊਯਾਰਕ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਦੇ ਜਨਰਲ ਸਕੱਤਰ ਹਰਚਰਨ ਸਿੰਘ ਗੁਲਾਟੀ ਵੱਲੋਂ ਲਿਖੀ ਕਿਤਾਬ "ਅਫ਼ਗਾਨ ਸਿੱਖ ਅਤੇ ਅਫ਼ਗਾਨਿਸਤਾਨ" ਆਪਣਾ ਪੰਜਾਬ ਵਿੱਚ ਲੜੀਵਾਰ ਚੱਲ ਰਹੀ ਹੈ

ਵਲੋਂ

ਗੁਰਮੀਤ ਸਿੰਘ : ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ



# ਮੁਗਲਾਂ ਦਾ ਰਾਜ

ਬਾਬਰ ਨੂੰ ਕਾਬੁਲ ਅਤੇ ਉਥੋਂ ਦਾ ਮੌਸਮ ਬਹੁਤ ਪਸੰਦ ਸੀ।

ਉਸ ਨੇ ਕਾਬੁਲ ਨੂੰ 1526 ਤੀਕ ਰਾਜਧਾਨੀ ਬਣਾਇਆ। ਜਦੋਂ ਬਾਬਰ ਦਿੱਲੀ ਵੱਲ ਚਲਾ ਗਿਆ ਤਾਂ ਦਿਲੀ ਤੋਂ ਹੀ ਸਾਰਾ ਕੰਟਰੋਲ ਕਰਦਾ ਰਿਹਾ।



ਮੀਰਵੈਸ ਖਾਨ



ਅਹਿਮਦ ਖਾਨ ਸਦੋਜ਼ਈ (ਦੁਰਾਨੀ)



ਇਸ ਦੌਰਾਨ ਮੁਗਲਾਂ ਅਤੇ ਪਠਾਣਾਂ ਦੀ ਲੜਾਈ ਸਮੇਂ ਸਮੇਂ ਵਿਚ ਕਈ ਇਲਾਕਿਆਂ ਤੇ ਹੁੰਦੀ ਰਹੀ ਹੈ ਜਿਸਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ ਜਿਸ ਤਰ੍ਹਾਂ

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥

ਕੁਝ ਸਮੇਂ ਲਈ ਗਿਲਜ਼ਈ ਕੌਮ ਪਸ਼ਤੂਨਾਂ ਦਾ ਲੀਡਰ ਜਨਰਲ ਮੀਰਵੈਸ ਖਾਨ ਹੌਤਕ ਦੇ ਛਤਰ ਛਾਇਆ ਹੇਠ

ਸੱਚ ਦੀ ਆਵਾਜ਼ ਆਪਣਾ ਪੰਜਾਬ BILINGUAL ESTD. 2005
APNA PUNJAB MEDIA
Journalism With Guts to Tell It Like It Is!

ਸੰਨ 1709 ਵਿਚ ਪਾਰਸ ਤੇ ਹਮਲਾ ਕਰਕੇ ਬਹੁਤ ਸਾਰਾ ਪਰਸ਼ੀਅਨ ਦਾ ਹਿੱਸਾ ਆਪਣੇ ਕਬਜ਼ੇ ਵਿਚ ਕਰ ਲਿਆ ਪਰ ਆਪਣੇ ਅੰਦਰੁਨੀ ਝਗੜੇ ਅਤੇ ਲਗਾਵਟ ਕਾਰਨ ਸਿਰਫ਼ ਈਰਾਨ ਦਾ ਹਿੱਸਾ ਨਹੀਂ ਬਲਕਿ ਕੰਧਾਰ ਵੀ ਨਾਦਰ ਸ਼ਾਹ ਅਫ਼ਸ਼ਾਰ ਦੇ ਹੱਥੋਂ ਹਾਰ ਗਿਆ।

ਨਾਦਿਰ ਸ਼ਾਹ ਅਫ਼ਸ਼ਾਰ ਨੇ ਪਠਾਣਾਂ ਨੂੰ ਜਲਾਲਾਬਾਦ ਦੇ ਹਿਸੇ ਵਿਚ ਸ਼ਿਕਸਤ ਦੇਕੇ ਖੈਬਰਪਾਸ ਰਾਹੀਂ ਦਿੱਲੀ ਵੱਲ ਕੂਚ ਕੀਤਾ ਅਤੇ ਕੋਹਿਨੂਰ ਹੀਰਾ ਤੇ ਕਈ ਕੀਮਤੀ ਚੀਜ਼ਾਂ ਲੁੱਟ ਲਈਆਂ।

Cont...

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*

Founder & Chief Editor: Gurmit Singh
1 516 989 8001 | 1 631 835 8000

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1908 | SATURDAY APRIL 25, 2026



# Kick off Event of Varinder Singh & Rhonda S.Binda For Democratic District leaders

## New York Assembly District 24-B




The Queens Democratic County Party Chairman announced the candidacies of two youth leaders, Varinder Singh and Rhonda S. Binda, as Democratic District leaders for New York Assembly District 24-B. Their kick-off event was held at the Royal India Palace in Richmond Hill. The district includes Richmond Hill, Richmond Hill South, Kew Gardens, and Ozone Park, with zip codes 11418, 11419, 11417, and 11415. Both candidates have received endorsements from the Queens Democratic County Party, New York State Assembly member David Weprin (D-24), and New York Senator Joseph Addabbo (D-15)The running from neighboring district , Queens county civil court judge candidate Jasmine valle bueno , youth leader Jamie Kazi , State Commtiee candidate imraan , Community leader Dilip Nath, Tammy oshrev district leader, also Join by Gypsy presuad , leaders of All diverse communities,bangali community , indo-Caribbean , Spanish community , Rotary Club, Sports clubs , youth & social welfare organizations , Community leaders, including Harpreet Toor and Blaka Singh, General Secretary of the Sikh Culture Society, endorsed Varinder Singh, describing him as a man of integrity. Jasbir Singh reaffirmed that incharge Sikh cultural Society,Along with Kuldip Singh Khalsa, presented Congressman Gregory Meeks with a traditional scarf, signifying their support for Varinder Singh through the Baba Makhan Shah Lubana committee.

Master Mohinder Singh, a prominent Sikh leader, noted that Varinder Singh embodies the future generation of leadership and pledged his full backing for Varinder Singh and Rhonda S. Binda. Davinder Singh Danny, son of Pritam Singh Gilzian, extended his best wishes to Varinder Singh on behalf of the Gilzian family.








Congressman stated that Varinder Singh and Rhonda S. Binda are visionary, progressive, and respectable youth leaders. The Democratic Party requires leaders like Varinder Singh and Rhonda S. Binda in New York City, New York State, and America, as they represent the future of American politics and democracy. He wishes them the best of luck for their upcoming primary election on June 23, 2026, and requests that the people of the district vote for them, assuring that the Queens Democratic Party fully supports them.Speakers , Nathneail Hezekaih III , Candidate from Assembly district 32 (South Jamaica) Endorsed Varinder Singh & Rhonda, because he's also the Sikh youth of America stand in support of Varinder Singh and Rhonda S. Binda. Rajinder Singh of Baba Banda Singh Bhadar society, Himmat Singh of Flushing Sikh Center, Kamaljit Singh of Sant Prem Singh society, Charan Singh Begowal, Narinder Singh, Building Incharge of Sikh Cultural Society, Kulwant Singh Maini of Akali Dal, Happy Jalalpur, Goldy Gilzian, and S.P. Bajwa, Baaz Singh , Narinder Singh building Varinder Singh and Rhonda S. Binda announced Amarjit Singh (Happy) as the candidate for the county committee, with his family in attendance. They also appointed Amarjit Singh Happy as campaign chairman, citing his popularity among the youth.Sukhpreet Singh and Gurpartap Singh also extend their support to Varinder Singh for County Committee. Darbara Singh wishes Varinder Singh success. The prevailing political climate favors Varinder Singh and Rhonda S. Binda, given the endorsement of the entire Queens Democratic County Party. Both individuals are esteemed for their progressive outlook, educational & Professional background, energy, and respectable standing within the Democratic Party and the community. Notably, they possess excellent listening skills, effectively addressing issues and leading diverse communities. Early voting dates are scheduled from June 13, 2026, to June 21, 2026. Varinder Singh and Rhonda S. Binda are the candidates for Democratic District Leader, New York State Assembly District AD (24-B).











Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1 516 989 8001 | 1 631 835 8000
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
13 VOL XVIII, ISSUE 1908 | SATURDAY APRIL 25, 2026




# ਡੈਮੋਕ੍ਰੈਟਿਕ ਡਿਸਟ੍ਰਿਕਟ ਲੀਡਰ ਲਈ ਵਰਿੰਦਰ ਸਿੰਘ ਦਾ ਜ਼ਬਰਦਸਤ ਆਗਾਜ਼

## New York Assembly District 24-B




ਨਿਊਯਾਰਕ ਅਸੈਂਬਲੀ ਡਿਸਟ੍ਰਿਕਟ 24- ਲਈ ਡੈਮੋਕ੍ਰੈਟਿਕ ਡਿਸਟ੍ਰਿਕਟ ਲੀਡਰਾਂ ਵਜੋਂ ਉਭਰ ਰਹੇ ਨੌਜਵਾਨ ਚਿਹਰੇ ਵਰਿੰਦਰ ਸਿੰਘ ਅਤੇ ਰੋਂਡਾ ਐਸ. ਬਿੰਦਾ ਦੇ ਹੱਕ ਵਿੱਚ ਇੱਕ ਸ਼ਾਨਦਾਰ ਕਿਕ-ਆਫ਼ ਇਵੈਂਟ ਰਿਚਮੰਡ ਹਿੱਲ ਦੇ ਰੌਇਲ ਇੰਡੀਆ ਪੈਲੇਸ ਵਿੱਚ ਕਰਵਾਇਆ ਗਿਆ। ਇਸ ਮੌਕੇ ਕੁਇੰਜ਼ ਡੈਮੋਕ੍ਰੈਟਿਕ ਕਾਉਂਟੀ ਪਾਰਟੀ ਦੇ ਚੇਅਰਮੈਨ ਵੱਲੋਂ ਦੋਵੇਂ ਉਮੀਦਵਾਰਾਂ ਦੀ ਅਧਿਕਾਰਕ ਉਮੀਦਵਾਰੀ ਦਾ ਐਲਾਨ ਕੀਤਾ ਗਿਆ।

ਇਹ ਡਿਸਟ੍ਰਿਕਟ ਰਿਚਮੰਡ ਹਿੱਲ, ਰਿਚਮੰਡ ਹਿੱਲ ਸਾਊਥ, ਕਿਊ ਗਾਰਡਨਜ਼ ਅਤੇ ਓਜ਼ੋਨ ਪਾਰਕ ਖੇਤਰਾਂ ਨੂੰ ਕਵਰ ਕਰਦਾ ਹੈ, ਜਿਨ੍ਹਾਂ ਦੇ ਜ਼ਿਪ ਕੋਡ 11418, 11419, 11417 ਅਤੇ







11415 ਹਨ। ਦੋਵੇਂ ਉਮੀਦਵਾਰਾਂ ਨੂੰ ਕੁਇੰਜ਼ ਡੈਮੋਕ੍ਰੈਟਿਕ ਕਾਉਂਟੀ ਪਾਰਟੀ, ਨਿਊਯਾਰਕ ਸਟੇਟ ਅਸੈਂਬਲੀ ਮੈਂਬਰ ਡੇਵਿਡ ਵੈਪਰਿਨ (-24) ਅਤੇ ਸੈਨੇਟਰ ਜੋਸਫ ਐਡਾਬੋ (-15) ਵੱਲੋਂ ਪੂਰਾ ਸਮਰਥਨ ਪ੍ਰਾਪਤ ਹੈ।











ਕਾਂਗਰਸਮੈਨ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਵਰਿੰਦਰ ਸਿੰਘ ਅਤੇ ਰੋਂਡਾ ਬਿੰਦਾ ਦੂਰਦਰਸ਼ੀ, ਪ੍ਰਗਤੀਸ਼ੀਲ ਅਤੇ ਇੱਜ਼ਤਦਾਰ ਯੁਵਾ ਨੇਤਾ ਹਨ। ਉਨ੍ਹਾਂ ਨੇ ਕਿਹਾ ਕਿ ਅਮਰੀਕੀ ਰਾਜਨੀਤੀ ਨੂੰ ਅਜਿਹੇ ਨਵੇਂ ਚਿਹਰਿਆਂ ਦੀ ਲੋੜ ਹੈ ਜੋ ਲੋਕਤੰਤਰ ਦਾ ਭਵਿੱਖ ਦਰਸਾਉਂਦੇ ਹਨ। ਉਨ੍ਹਾਂ ਨੇ 23 ਜੂਨ 2026 ਨੂੰ ਹੋਣ ਵਾਲੀਆਂ ਪ੍ਰਾਇਮਰੀ ਚੋਣਾਂ ਲਈ ਦੋਵੇਂ ਨੂੰ ਸੁਭਕਾਮਨਾਵਾਂ ਦਿੱਤੀਆਂ ਅਤੇ ਜਨਤਾ ਨੂੰ ਉਨ੍ਹਾਂ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ।

ਇਸ ਸਮਾਗਮ ਵਿੱਚ ਅਸੈਂਬਲੀ ਡਿਸਟ੍ਰਿਕਟ 32 ਤੋਂ ਉਮੀਦਵਾਰ ਨੈਥਨੇਅਲ ਹਿਜ਼ਕਾਇਆਹ , ਕੁਇੰਜ਼ ਕਾਊਂਟੀ ਸਿਵਲ ਕੋਰਟ ਜੱਜ ਉਮੀਦਵਾਰ ਜੈਸਮੀਨ ਵਾਲੇ ਬੁਏਨੋ, ਯੂਥ ਲੀਡਰ ਜੇਮੀ ਕਾਜ਼ੀ, ਕਮਿਊਨਿਟੀ ਲੀਡਰ ਦਿਲੀਪ ਨਾਥ, ਟੈਮੀ ਓਸ਼ਰੇਵ ਸਮੇਤ ਕਈ ਪ੍ਰਮੁੱਖ ਹਸਤੀਆਂ ਨੇ ਸ਼ਰਿਕਤ ਕੀਤੀ ਅਤੇ ਆਪਣਾ ਸਮਰਥਨ ਦਿੱਤਾ। ਇਸ ਦੇ ਨਾਲ ਹੀ ਬੰਗਾਲੀ, ਇੰਡੋ-ਕੈਰੀਬੀਅਨ, ਸਪੇਨੀ ਕਮਿਊਨਿਟੀ ਅਤੇ ਵੱਖ-ਵੱਖ ਸਮਾਜਿਕ ਤੇ ਖੇਡ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਭਾਰੀ ਹਾਜ਼ਰੀ ਰਹੀ।

ਸਿੱਖ ਕਮਿਊਨਿਟੀ ਵੱਲੋਂ ਵੀ ਵਰਿੰਦਰ ਸਿੰਘ ਨੂੰ ਭਰਪੂਰ ਸਮਰਥਨ ਮਿਲਿਆ। ਹਰਪ੍ਰੀਤ ਤੂਰ ਅਤੇ ਬਲਾਕਾ ਸਿੰਘ (ਜਨਰਲ ਸਕੱਤਰ, ਸਿੱਖ ਕਲਚਰਲ ਸੋਸਾਇਟੀ) ਨੇ ਉਨ੍ਹਾਂ ਨੂੰ ਇਮਾਨਦਾਰ ਅਤੇ ਨਿੱਡਰ ਨੇਤਾ ਕਰਾਰ ਦਿੱਤਾ। ਜਸਬੀਰ ਸਿੰਘ ਨੇ ਕਿਹਾ ਕਿ ਅਮਰੀਕਾ ਦਾ ਸਿੱਖ ਯੁਵਾ ਵਰਿੰਦਰ ਸਿੰਘ ਅਤੇ ਰੋਂਡਾ ਬਿੰਦਾ ਦੇ ਨਾਲ ਖੜਾ ਹੈ। ਇਸ ਤੋਂ ਇਲਾਵਾ ਰਾਜਿੰਦਰ ਸਿੰਘ, ਹਿੰਮਤ ਸਿੰਘ, ਕਮਲਜੀਤ ਸਿੰਘ, ਚਰਨ ਸਿੰਘ ਬੇਗੋਵਾਲ, ਨਰਿੰਦਰ ਸਿੰਘ, ਕੁਲਵੰਤ ਸਿੰਘ ਮੈਨੀ ਅਤੇ ਹੋਰ ਕਈ ਆਗੂਆਂ ਨੇ ਵੀ ਆਪਣਾ ਸਮਰਥਨ ਦਿੱਤਾ।

ਇਸ ਦੌਰਾਨ ਕੁਲਦੀਪ ਸਿੰਘ ਖਾਲਸਾ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਕਮੇਟੀ ਦੇ ਮੈਂਬਰਾਂ ਵੱਲੋਂ ਕਾਂਗਰਸਮੈਨ ਗ੍ਰੇਗਰੀ ਮੀਕਸ ਨੂੰ ਸਨਮਾਨਿਤ ਕਰਦਿਆਂ ਰਵਾਇਤੀ ਸਿਰੋਪਾ ਭੇਟ ਕੀਤਾ ਗਿਆ।

ਵਰਿੰਦਰ ਸਿੰਘ ਅਤੇ ਰੋਂਡਾ ਬਿੰਦਾ ਨੇ ਅਮਰਜੀਤ ਸਿੰਘ (ਹੈਪੀ) ਨੂੰ ਕਾਊਂਟੀ ਕਮੇਟੀ ਲਈ ਉਮੀਦਵਾਰ ਅਤੇ ਕੈਂਪੇਨ ਚੇਅਰਮੈਨ ਐਲਾਨਿਆ, ਜਿਸਨੂੰ ਨੌਜਵਾਨ ਵਰਗ ਵਿੱਚ ਵੱਡੀ ਲੋਕਪ੍ਰਿਯਤਾ ਹਾਸਲ ਹੈ। ਇਸ ਮੌਕੇ ਮਾਸਟਰ ਮੋਹਿੰਦਰ ਸਿੰਘ ਨੇ ਕਿਹਾ ਕਿ ਵਰਿੰਦਰ ਸਿੰਘ ਭਵਿੱਖ ਦੇ ਨੇਤ੍ਰਿਤਵ ਦੀ ਮਿਸਾਲ ਹਨ ਅਤੇ ਉਹ ਉਨ੍ਹਾਂ ਨੂੰ ਪੂਰਾ ਸਮਰਥਨ ਦਿੰਦੇ ਹਨ। ਡੇਵਿੰਦਰ ਸਿੰਘ ਡੈਨੀ ਨੇ ਵੀ ਆਪਣੇ ਪਰਿਵਾਰ ਵੱਲੋਂ ਵਰਿੰਦਰ ਸਿੰਘ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਰਾਜਨੀਤਿਕ ਮਾਹੌਲ ਨੂੰ ਵੇਖਦੇ ਹੋਏ ਇਹ ਕਿਹਾ ਜਾ ਰਿਹਾ ਹੈ ਕਿ ਕੁਇੰਜ਼ ਡੈਮੋਕ੍ਰੈਟਿਕ ਪਾਰਟੀ ਦੇ ਪੂਰੇ ਸਮਰਥਨ ਨਾਲ ਵਰਿੰਦਰ ਸਿੰਘ ਅਤੇ ਰੋਂਡਾ ਐਸ. ਬਿੰਦਾ ਮਜ਼ਬੂਤ ਸਥਿਤੀ ਵਿੱਚ ਹਨ। ਦੋਵੇਂ ਉਮੀਦਵਾਰ ਆਪਣੇ ਪ੍ਰਗਤੀਸ਼ੀਲ ਵਿਚਾਰਾਂ, ਸਿੱਖਿਆ, ਪੇਸ਼ੇਵਰ ਪਿਛੋਕੜ ਅਤੇ ਵੱਖ-ਵੱਖ ਕਮਿਊਨਿਟੀਆਂ ਨਾਲ ਜੁੜਨ ਦੀ ਸਮਰਥਾ ਲਈ ਜਾਣੇ ਜਾਂਦੇ ਹਨ। ਯਾਦ ਰਹੇ ਕਿ ਅਗੇਤਰੀ ਵੋਟਿੰਗ 13 ਜੂਨ ਤੋਂ 21 ਜੂਨ 2026 ਤੱਕ ਹੋਵੇਗੀ, ਜਦਕਿ ਪ੍ਰਾਇਮਰੀ ਚੋਣ 23 ਜੂਨ 2026 ਨੂੰ ਕਰਵਾਈ ਜਾਵੇਗੀ। ਵਰਿੰਦਰ ਸਿੰਘ ਅਤੇ ਰੋਂਡਾ ਐਸ. ਬਿੰਦਾ ਡੈਮੋਕ੍ਰੈਟਿਕ ਡਿਸਟ੍ਰਿਕਟ ਲੀਡਰ ਲਈ ਅਧਿਕਾਰਕ ਉਮੀਦਵਾਰ ਹਨ।


Copyright: Apna Punjab Media 2025-26
Graphic & Design: Apna Punjab Media Team



ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

Founder & Chief Editor : Gurmit Singh
1 516 989 8001 | 1 631 835 8000

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com



BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ

# 'Lawrence of Punjab' : ਕੇਂਦਰ ਵੱਲੋਂ ZEE5 ਨੂੰ ਵੈੱਬ ਸੀਰੀਜ਼ ਰਿਲੀਜ਼ ਨਾ ਕਰਨ ਦੀ ਸਲਾਹ

**ਚੰਡੀਗੜ੍ਹ:ਆਪਣਾ ਪੰਜਾਬ ਮੀਡੀਆ:** ਕੇਂਦਰ ਸਰਕਾਰ ਨੇ ਲਾਰੈਂਸ ਆਫ ਪੰਜਾਬ ਵੈੱਬ ਸੀਰੀਜ਼ 'ਤੇ ਰੋਕ ਲਗਾ ਦਿੱਤੀ ਹੈ। ਇਸ ਦੀ ਗੱਲ ਦੀ ਜਾਣਕਾਰੀ ਅੱਜ ਕੇਂਦਰੀ ਸੂਚਨਾ ਮੰਤਰਾਲੇ ਨੇ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਸਾਂਝੀ ਕੀਤੀ ਹੈ। ਦਰਅਸਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੀਵਨ 'ਤੇ ਆਧਾਰਿਤ ਇਸ ਸੀਰੀਜ਼ ਦੀ ਰਿਲੀਜ਼ 'ਤੇ ਰੋਕ ਲਗਾਉਣ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਖਲ ਕੀਤੀ ਸੀ। ਪਟੀਸ਼ਨ 'ਤੇ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਲਾਰੈਂਸ ਆਫ ਪੰਜਾਬ 'ਤੇ ਪਾਬੰਦੀ ਵਾਲਾ ਪੱਤਰ ਸਾਂਝਾ ਕੀਤਾ ਹੈ।

ਉੱਥੇ ਹੀ ਬੀਤੇ ਦਿਨ ਪੰਜਾਬ ਪੁਲੀਸ ਨੇ ਵੀ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਇਸ ਵੈੱਬ ਸੀਰੀਜ਼ ਉੱਤੇ ਰੋਕ ਲਗਾਏ ਜਾਣ ਦੀ ਮੰਗ ਕੀਤੀ ਸੀ। ਸਾਈਬਰ ਕ੍ਰਾਈਮ ਦੇ ਸਪੈਸ਼ਲ ਡੀਜੀਪੀ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਇਸ ਵੈੱਬ ਸੀਰੀਜ਼ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜ਼ਿੰਦਗੀ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੀਆਂ ਅਪਰਾਧਿਕ ਵਾਰਦਾਤਾਂ ਨੂੰ ਦਿਖਾਇਆ ਜਾਣਾ ਹੈ। ਇਸ ਸੀਰੀਜ਼ ਵਿੱਚ ਇਹ ਵੀ ਦਿਖਾਇਆ ਜਾਵੇਗਾ ਕਿ ਕਿਵੇਂ ਉਹ (ਲਾਰੈਂਸ) ਇੱਕ ਵਿਦਿਆਰਥੀ ਆਗੂ ਤੋਂ ਅਪਰਾਧ ਦੀ ਦੁਨੀਆ ਦੇ ਸਿਖਰ ਤੱਕ ਪਹੁੰਚਿਆ। ਪੱਤਰ 'ਚ ਕਿਹਾ ਗਿਆ ਸੀ ਕਿ ਇਸ ਵੈੱਬ ਸੀਰੀਜ਼ ਨੂੰ ਲੈ ਕੇ ਸਮਾਜ ਦੇ ਵੱਖ-ਵੱਖ ਵਰਗਾਂ 'ਚ ਤਿੱਖਾ ਪ੍ਰਤੀਕਰਮ ਹੈ ਅਤੇ ਵੈੱਬ ਸੀਰੀਜ਼ 'ਚ ਅਪਰਾਧ ਨੂੰ ਵਡਿਆਇਆ ਗਿਆ ਹੈ, ਜਿਸ ਦਾ ਨੌਜਵਾਨਾਂ 'ਤੇ ਮਾੜਾ ਅਸਰ ਪਵੇਗਾ।ਚੇਤੇ ਰਹੇ ਕਿ ਓ ਟੀ ਟੀ ਪਲੇਟਫ਼ਾਰਮ ਜ਼ੀ ਫਾਈਵ (ZEE5) 'ਤੇ 27 ਅਪਰੈਲ ਨੂੰ 'ਲਾਰੈਂਸ ਆਫ਼ ਪੰਜਾਬ' ਵੈੱਬ ਸੀਰੀਜ਼ ਰਿਲੀਜ਼ ਹੋਣ ਵਾਲੀ ਸੀ।





# ਵੈੱਬ ਸੀਰੀਜ਼ 'ਤੇ ਰੋਕ ਲਈ ਵੜਿੰਗ ਵੱਲੋਂ ਮੋਦੀ ਨੂੰ ਪੱਤਰ

## 'ਲਾਰੈਂਸ ਆਫ ਪੰਜਾਬ' ਵੈੱਬ ਸੀਰੀਜ਼ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ



**ਚੰਡੀਗੜ੍ਹ:ਆਪਣਾ ਪੰਜਾਬ ਮੀਡੀਆ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ 'ਲਾਰੈਂਸ ਆਫ ਪੰਜਾਬ' ਵੈੱਬ ਸੀਰੀਜ਼ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਪੱਤਰ ਵਿੱਚ ਲਿਖਿਆ ਕਿ ਲਾਰੈਂਸ ਬਿਸ਼ਨੋਈ ਖ਼ਤਰਨਾਕ ਗੈਂਗਸਟਰ ਹੈ, ਜੋ ਉੱਘੇ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਸਣੇ ਹੋਰ ਕਈ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਹੈ। ਇਹ ਫ਼ਿਲਮ ਉਸ ਦੀ ਜ਼ਿੰਦਗੀ 'ਤੇ ਆਧਾਰਤ ਹੈ, ਜਿਸ ਵਿੱਚ ਲਾਰੈਂਸ ਬਿਸ਼ਨੋਈ ਦੀ ਵਡਿਆਈ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੈਂਗਸਟਰ 'ਤੇ ਬਣੀ ਵੈੱਬ ਸੀਰੀਜ਼ ਨਾਲ ਪੰਜਾਬ ਦੇ ਨੌਜਵਾਨ ਗਲਤ ਰਾਹ 'ਤੇ ਚੱਲਣ ਲਈ ਉਤਸ਼ਾਹਿਤ ਹੋ ਸਕਦੇ ਹਨ।

ਉਨ੍ਹਾਂ ਨੇ ਮੰਗ ਕੀਤੀ ਕਿ ਵੈੱਬ ਸੀਰੀਜ਼ ਦੇ ਪ੍ਰਸਾਰਨ 'ਤੇ ਰੋਕ ਲਗਾਈ ਜਾਣੀ ਚਾਹੀਦੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਹੈ ਕਿ ਉਹ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੂੰ ਇਸ ਵੈੱਬ ਸੀਰੀਜ਼ ਦੇ ਰਿਲੀਜ਼ 'ਤੇ ਪਾਬੰਦੀ ਲਗਾਉਣ ਲਈ ਹੁਕਮ ਜਾਰੀ ਕਰਨ।

# ਸਮਾਣਾ ਟਾਵਰ ਮੋਰਚਾ: 560 ਦਿਨਾਂ ਬਾਅਦ ਟਾਵਰ ਤੋਂ ਸੁਰੱਖਿਅਤ ਹੇਠਾਂ ਉਤਾਰੇ ਗਏ 'ਗੁਰਜੀਤ ਸਿੰਘ ਖ਼ਾਲਸਾ'

**ਪਟਿਆਲਾ:ਆਪਣਾ ਪੰਜਾਬ ਮੀਡੀਆ:** ਪਟਿਆਲਾ ਪ੍ਰਸ਼ਾਸਨ ਨੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਅੱਜ ਸਵੇਰੇ ਇੱਕ ਵੱਡੇ ਅਪਰੇਸ਼ਨ ਰਾਹੀਂ ਕਿਸਾਨ ਗੁਰਜੀਤ ਸਿੰਘ ਖ਼ਾਲਸਾ (43) ਨੂੰ ਸੁਰੱਖਿਅਤ ਹੇਠਾਂ ਉਤਾਰ ਲਿਆ ਹੈ। ਖ਼ਾਲਸਾ ਪਿਛਲੇ 560 ਦਿਨਾਂ ਤੋਂ ਇੱਥੇ ਬਾਬਾ ਬੰਦਾ ਸਿੰਘ ਬਹਾਦਰ ਚੌਕ ਸਥਿਤ 400 ਫ਼ੁੱਟ ਉੱਚੇ ਬੀ.ਐਸ.ਐਨ.ਐਲ. ਟਾਵਰ 'ਤੇ ਆਪਣਾ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ।ਫ਼ੌਜ ਅਤੇ ਜ਼ਿਲ੍ਹਾ ਪੁਲੀਸ ਦੀਆਂ ਵਾਧੂ ਟੀਮਾਂ ਦੀ ਨਿਗਰਾਨੀ ਹੇਠ ਇਹ ਸਾਂਝਾ ਅਪਰੇਸ਼ਨ ਮਹਿਜ਼ 30 ਮਿੰਟਾਂ ਵਿੱਚ ਨੇਪਰੇ ਚੜ੍ਹਿਆ।ਟਾਵਰ ਤੋਂ ਹੇਠਾਂ ਆਉਂਦਿਆਂ ਹੀ ਗੁਰਜੀਤ ਸਿੰਘ ਖ਼ਾਲਸਾ ਨੇ ਪੂਰੇ ਜੋਸ਼ ਵਿੱਚ 'ਮੈਂ ਚੜ੍ਹਦੀ ਕਲਾ ਵਿੱਚ ਹਾਂ' ਦੇ ਸ਼ਬਦ ਕਹੇ। ਉਨ੍ਹਾਂ ਇਸ ਨੇਕ ਕਾਰਜ ਲਈ ਸਮਰਥਨ ਦੇਣ ਵਾਲੀ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ,"ਇਹ ਸਫ਼ਰ ਸੌਖਾ ਨਹੀਂ ਸੀ, ਪਰ ਮੇਰੇ ਗੁਰੂ 'ਤੇ ਅਟੁੱਟ ਭਰੋਸੇ ਨੇ ਹੀ ਇਹ ਸਭ ਸੰਭਵ ਬਣਾਇਆ ਹੈ।" ਬਚਾਅ ਕਾਰਜ ਵਿੱਚ ਸ਼ਾਮਲ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਹਵਾ ਦੀ ਰਫ਼ਤਾਰ ਅਨੁਕੂਲ ਹੋਣ ਅਤੇ ਚੰਗੀ ਧੁੱਪ ਕਾਰਨ ਹਾਈ-ਟੈਕ ਕ੍ਰੇਨ ਅਤੇ ਮਨੁੱਖੀ ਮਦਦ ਨਾਲ ਇਹ ਅਪਰੇਸ਼ਨ ਸੁਖਾਲਾ ਰਿਹਾ।



# Ludhiana: ਸਕੂਲਾਂ ਤੇ ਰੇਲ ਪਟੜੀ ਨੂੰ ਬੰਬ ਨਾਲ ਉਡਾਉਣ ਦੀ ਧਮਕੀ

## ਪੁਲੀਸ ਨੇ ਸਪਰਿੰਗ ਡੇਲ ਪਬਲਿਕ ਸਕੂਲ, ਡੀ ਏ ਵੀ ਸਕੂਲ ਤੇ ਮਾਨਵ ਰਚਨਾ ਸਕੂਲ ਦੀ ਤਲਾਸ਼ੀ ਲਈ



**ਲੁਧਿਆਣਾ:ਆਪਣਾ ਪੰਜਾਬ ਮੀਡੀਆ:** ਸਨਅਤੀ ਸ਼ਹਿਰ ਵਿੱਚ ਅੱਜ ਸਵੇਰੇ ਉਸ ਵੇਲੇ ਦਹਿਸ਼ਤ ਵਾਲਾ ਮਾਹੌਲ ਬਣ ਗਿਆ, ਜਦੋਂ ਸ਼ਹਿਰ ਦੇ ਤਿੰਨ ਵੱਡੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲੀ ਈ-ਮੇਲ ਮਿਲੀ। ਸਕੂਲਾਂ ਦੇ ਨਾਲ-ਨਾਲ ਈ-ਮੇਲ ਵਿੱਚ ਰੇਲਵੇ ਟਰੈਕ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ। ਇਸ ਮਗਰੋਂ ਪੁਲੀਸ ਪ੍ਰਸ਼ਾਸਨ ਨੂੰ ਭਾਜੜਾਂ ਪੈ ਗਈਆਂ ਤੇ ਪੁਲੀਸ ਨੇ ਸੁਰੱਖਿਆ ਦੇ ਲਿਹਾਜ਼ ਦੇ ਨਾਲ ਸਕੂਲਾਂ ਵਿੱਚ ਛੁੱਟੀ ਕਰ ਦਿੱਤੀ ਗਈ ਤੇ ਪੁਲੀਸ ਦੀਆਂ ਟੀਮਾਂ ਨੇ ਸਕੂਲਾਂ ਦੀ ਚੈਕਿੰਗ ਕੀਤੀ।

ਧਮਕੀ ਦੇਣ ਵਾਲੇ ਨੇ ਦਾਅਵਾ ਕੀਤਾ ਕਿ ਆਉਣ ਵਾਲੇ 24 ਘੰਟਿਆਂ ਦੇ ਅੰਦਰ ਇਹ ਧਮਾਕੇ ਕੀਤੇ ਜਾਣਗੇ।ਸੂਚਨਾ ਮਿਲਦਿਆਂ ਹੀ ਪੁਲੀਸ ਪ੍ਰਸ਼ਾਸਨ ਦੀਆਂ ਟੀਮਾਂ ਤੁਰੰਤ ਉਨ੍ਹਾਂ ਸਕੂਲਾਂ ਵਿੱਚ ਪਹੁੰਚੀਆਂ, ਜਿਨ੍ਹਾਂ ਨੂੰ ਧਮਕੀ ਭਰੀਆਂ ਈ-ਮੇਲ ਮਿਲੀਆਂ ਸਨ। ਦੱਸਿਆ ਜਾ ਰਿਹਾ ਹੈ ਕਿ ਇਹ ਧਮਕੀ ਸਕੂਲ ਪ੍ਰਸ਼ਾਸਨ ਦੀ ਅਧਿਕਾਰਤ ਈ-ਮੇਲ 'ਤੇ ਆਈ ਸੀ, ਜਿਸ ਤੋਂ ਬਾਅਦ ਸਕੂਲ ਪ੍ਰਬੰਧਕਾਂ ਨੇ ਤੁਰੰਤ ਸਕੂਲਾਂ ਵਿੱਚ ਛੁੱਟੀ ਕਰ ਦਿੱਤੀ।

 Copyright: Apna Punjab Media 2025-26 

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com
15 VOL XVIII, ISSUE 1908 | SATURDAY APRIL 25, 2026
NEW YORK





Copyright: Apna Punjab Media 2025-26





MEDIA SPONSOR
ਆਪਣਾ ਪੰਜਾਬ APNA PUNJAB
APNA PUNJAB media.tv HD
NEW YORK | CHANDIGARH



GURMIT SINGH
CEO & PRESIDENT
APNA PUNJAB MEDIA
GROUP NEW YORK
1 516 989 8001

ਸੱਚ ਦੀ ਆਵਾਜ਼
ਆਪਣਾ ਪੰਜਾਬ BILINGUAL ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
17 VOL XVIII, ISSUE 1908 | SATURDAY APRIL 25, 2026
INDIA

# Elections:ਪੱਛਮੀ ਬੰਗਾਲ ਤੇ ਤਾਮਿਲ ਨਾਡੂ 'ਚ ਵੋਟਾਂ ਦੇ ਰਿਕਾਰਡ ਟੁੱਟੇ



**ਤਾਮਿਲ ਨਾਡੂ 'ਚ 85.05 ਫ਼ੀਸਦ ਵੋਟਿੰਗ ਦਰਜ; ਪੱਛਮੀ ਬੰਗਾਲ ਦੀਆਂ 152 ਸੀਟਾਂ ਲਈ 91.78 ਫ਼ੀਸਦ ਵੋਟਾਂ ਪਈਆਂ**

**ਕੋਲਕਾਤਾ/ਚੇਨੱਈ:ਆਪਣਾ ਪੰਜਾਬ ਮੀਡੀਆ:** ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ਤਹਿਤ 294 'ਚੋਂ 152 ਸੀਟਾਂ ਅਤੇ ਤਾਮਿਲ ਨਾਡੂ ਵਿਧਾਨ ਸਭਾ ਦੀਆਂ ਸਾਰੀਆਂ 234 ਸੀਟਾਂ ਲਈ ਅੱਜ ਰਿਕਾਰਡ ਵੋਟਾਂ ਪਈਆਂ ਹਨ। ਚੋਣ ਕਮਿਸ਼ਨ ਅਨੁਸਾਰ ਪੱਛਮੀ ਬੰਗਾਲ 'ਚ 91.78 ਫ਼ੀਸਦ ਅਤੇ ਤਾਮਿਲ ਨਾਡੂ 'ਚ 85.05 ਫ਼ੀਸਦ ਵੋਟਿੰਗ ਹੋਈ ਹੈ। ਦੋਵਾਂ ਸੂਬਿਆਂ ਦੇ ਚੋਣ ਇਤਿਹਾਸ 'ਚ ਇਸ ਸਭ ਤੋਂ ਵੱਡਾ ਮੱਤਦਾਨ ਹੈ। ਪੱਛਮੀ ਬੰਗਾਲ 'ਚ ਅੱਜ ਵੋਟਾਂ ਦੇ ਅਮਲ ਦੌਰਾਨ ਕਈ ਥਾਈਂ ਹਿੰਸਕ ਘਟਨਾਵਾਂ ਵੀ ਵਾਪਰੀਆਂ ਹਨ।

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਦੱਸਿਆ ਕਿ ਪੱਛਮੀ ਬੰਗਾਲ 'ਚ ਪਹਿਲੇ ਗੇੜ ਦੀਆਂ ਵੋਟਾਂ ਦੌਰਾਨ ਅੱਜ 91.78 ਫ਼ੀਸਦ ਵੋਟਾਂ ਪੋਲ ਹੋਈਆਂ ਹਨ ਜੋ ਆਜ਼ਾਦੀ ਮਗਰੋਂ ਸੂਬੇ 'ਚ ਹੋਈ ਸਭ ਤੋਂ ਵੱਧ ਵੋਟਿੰਗ ਹੈ। ਚੋਣ ਕਮਿਸ਼ਨ ਅਨੁਸਾਰ ਮੁਰਸ਼ਿਦਾਬਾਦ, ਬਾਂਕੁਰਾ, ਕੂਚ ਬਿਹਾਰ, ਮਾਲਦਾ, ਝਾੜਗ੍ਰਾਮ ਤੇ ਪੱਛਮੀ ਮੇਦਨੀਪੁਰ 'ਚ 90 ਫ਼ੀਸਦ ਵੋਟਾਂ ਪਈਆਂ ਹਨ। ਚੋਣ ਕਮਿਸ਼ਨ ਅਨੁਸਾਰ ਸ਼ਾਮ ਪੰਜ ਵਜੇ ਤੱਕ 90 ਫ਼ੀਸਦ ਦੇ ਕਰੀਬ ਵੋਟਾਂ ਪੈ ਚੁੱਕੀਆਂ ਸਨ। ਉਨ੍ਹਾਂ ਵੋਟ ਪ੍ਰਤੀਸ਼ਤ 95 ਫ਼ੀਸਦ ਤੋਂ ਵੱਧ ਹੋਣ ਦੀ ਸੰਭਾਵਨਾ ਜ਼ਾਹਿਰ ਕੀਤੀ ਹੈ।


# MATRIMONIAL



Sikh, Male, 52 (07 Oct 1972), 5'8" (approx), well-settled, based in USA (Virginia), seeking a suitable match. Educated (Master's Degree), working professional with an annual income of $130,000. Belongs to a respectable Sikh family from Amritsar. Non-Manglik, divorced. Looking for a well-educated, cultured Sikh girl with family values. Preference for someone willing to settle abroad.

**Currently residing at:** Woodbridge, Virginia, USA

**Contact: +1 202-390-5036**


## Nirmala Sitharaman ਨੇ ਬੈਂਕ ਮੁਖੀਆਂ ਨਾਲ ਏ ਆਈ ਦੇ ਖ਼ਤਰਿਆਂ ਬਾਰੇ ਮੀਟਿੰਗ ਕੀਤੀ



**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਅੱਜ ਮਸਨੂਈ ਬੌਧਿਕਤਾ (ਏ ਆਈ) ਨਾਲ ਜੁੜੇ ਖ਼ਤਰਿਆਂ ਬਾਰੇ ਬੈਂਕਾਂ ਦੇ ਮੁਖੀਆਂ ਨਾਲ ਮੁਲਾਕਾਤ ਕੀਤੀ।

ਇਹ ਮੀਟਿੰਗ ਐਂਥਰੋਪਿਕ ਦੇ 'ਮਾਈਥੋਸ' ਮਾਡਲ ਵੱਲੋਂ ਵਿੱਤੀ ਪ੍ਰਣਾਲੀਆਂ ਦੀ ਡੇਟਾ ਸੁਰੱਖਿਆ ਲਈ ਖ਼ਤਰੇ ਵਿੱਚ ਪਾਉਣ ਦੀਆਂ ਵਿਸ਼ਵਵਿਆਪੀ ਚਿੰਤਾਵਾਂ ਤੋਂ ਬਾਅਦ ਹੋਈ ਹੈ। ਇਹ ਮੀਟਿੰਗ ਇਸ ਲਈ ਅਹਿਮ ਮੰਨੀ ਜਾ ਰਹੀ ਹੈ ਕਿਉਂਕਿ ਐਂਥਰੋਪਿਕ ਵੱਲੋਂ ਵਿਕਸਤ ਕੀਤੇ ਗਏ 'ਕਲੌਡ ਮਾਈਥੋਸ ਏ ਆਈ' ਮਾਡਲ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਕਈ ਵੱਡੇ ਅਪਰੇਟਿੰਗ ਸਿਸਟਮਾਂ ਵਿੱਚ ਖ਼ਾਮੀਆਂ ਲੱਭ ਲਈਆਂ ਹਨ। ਸੂਤਰਾਂ ਅਨੁਸਾਰ, ਮੀਟਿੰਗ ਵਿੱਚ ਏ ਆਈ ਨਾਲ ਜੁੜੇ ਜੋਖ਼ਮਾਂ ਅਤੇ ਉਨ੍ਹਾਂ ਨਾਲ ਸਿੱਝਣ ਲਈ ਲੋੜੀਂਦੇ ਉਪਾਵਾਂ ਬਾਰੇ ਚਰਚਾ ਕੀਤੀ ਗਈ। ਵਿੱਤ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਵਿੱਤੀ ਖੇਤਰ ਨੂੰ ਏ ਆਈ ਤੋਂ ਹੋਣ ਵਾਲੇ ਖ਼ਤਰਿਆਂ ਬਾਰੇ ਵਿਚਾਰ-ਚਰਚਾ ਕੀਤੀ ਗਈ। ਬੈਂਕਾਂ ਨੂੰ ਆਪਣੇ ਸਿਸਟਮਾਂ, ਡੇਟਾ ਅਤੇ ਗਾਹਕਾਂ ਦੇ ਪੈਸੇ ਦੀ ਸੁਰੱਖਿਆ ਲਈ ਪਹਿਲਾਂ ਹੀ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਗਈ ਹੈ।

## High Court ਨੇ ਅਦਾਲਤੀ ਵੀਡੀਓਜ਼ ਨਸ਼ਰ ਕਰਨ ਬਾਰੇ Kejriwal ਤੋਂ ਜਵਾਬ ਮੰਗਿਆ



**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** ਦਿੱਲੀ ਹਾਈ ਕੋਰਟ ਨੇ ਅੱਜ ਲੋਕ ਹਿੱਤ ਪਟੀਸ਼ਨ 'ਤੇ ਆਮ ਆਦਮੀ ਪਾਰਟੀ ਦੇ ਆਗੂਆਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਸੰਜੈ ਸਿੰਘ, ਕਾਂਗਰਸੀ ਆਗੂ ਦਿਗਵਿਜੈ ਸਿੰਘ ਤੇ ਹੋਰਾਂ ਕੋਲੋਂ ਉਨ੍ਹਾਂ ਦਾ ਪੱਖ ਮੰਗਿਆ ਹੈ। ਪਟੀਸ਼ਨ ਵਿੱਚ ਉਨ੍ਹਾਂ ਖ਼ਿਲਾਫ਼ ਅਦਾਲਤੀ ਹੱਤਕ ਦੀ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਆਗੂਆਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਆਬਕਾਰੀ ਨੀਤੀ ਮਾਮਲੇ ਵਿੱਚ ਜਸਟਿਸ ਸਵਰਨ ਕਾਂਤਾ ਸ਼ਰਮਾ ਨੂੰ ਕੇਸ ਤੋਂ ਲਾਂਭੇ ਹੋਣ ਦੀ ਮੰਗ ਕਰਨ ਵਾਲੀ ਸਾਬਕਾ ਮੁੱਖ ਮੰਤਰੀ ਦੀ ਅਰਜ਼ੀ 'ਤੇ ਹੋਈ ਸੁਣਵਾਈ ਦੇ ਵੀਡੀਓ ਕਲਿੱਪ ਕਥਿਤ ਤੌਰ 'ਤੇ ਅਪਲੋਡ ਅਤੇ ਸਾਂਝੇ ਕੀਤੇ ਸਨ। ਮਾਮਲੇ ਦੀ ਅਗਲੀ ਸੁਣਵਾਈ 6 ਜੁਲਾਈ ਨੂੰ ਹੋਵੇਗੀ। ਜਸਟਿਸ ਵੀ ਕਾਮੇਸ਼ਵਰ ਰਾਓ ਅਤੇ ਜਸਟਿਸ ਮਨਮੀਤ ਪੀ ਐੱਸ ਅਰੋੜਾ ਦੇ ਬੈਂਚ ਨੇ ਐਡਵੋਕੇਟ ਵੈਭਵ ਸਿੰਘ ਦੀ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ। ਅਦਾਲਤ ਨੇ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ 13 ਅਪਰੈਲ ਦੀ ਸੁਣਵਾਈ ਦੇ ਵੀਡੀਓ ਹਟਾਉਣ ਦੇ ਹੁਕਮ ਦਿੱਤੇ ਹਨ। ਮੈਟਾ ਅਤੇ ਗੂਗਲ ਦੇ ਵਕੀਲਾਂ ਨੇ ਦੱਸਿਆ ਕਿ ਪਟੀਸ਼ਨਰ ਵੱਲੋਂ ਦੱਸੇ ਗਏ ਇਤਰਾਜ਼ਯੋਗ ਲਿੰਕਾਂ ਨੂੰ ਹਟਾ ਦਿੱਤਾ ਗਿਆ ਹੈ। ਅਦਾਲਤ ਨੇ ਕਿਹਾ ਕਿ 13 ਅਪਰੈਲ ਦੀ ਕਾਰਵਾਈ ਦੇ ਕੁਝ ਵੀਡੀਓ ਅਜੇ ਵੀ 'ਐਕਸ' ਉੱਤੇ ਮੌਜੂਦ ਹਨ।

## ਵੋਟਾਂ ਕੱਟਣ ਲਈ ਗਿਆਨੇਸ਼ ਨੂੰ ਪਦਮ ਭੂਸ਼ਣ ਮਿਲਣਾ ਚਾਹੀਦਾ: Kapil Sibal

**ਚੋਣ ਕਮਿਸ਼ਨ 'ਤੇ ਬੰਗਾਲ 'ਚ ਵੋਟਰਾਂ ਨੂੰ ਹੱਕ ਤੋਂ ਵਾਂਝੇ ਰੱਖਣ ਦਾ ਤਜਰਬਾ ਕਰਨ ਦਾ ਲਾਇਆ ਦੋਸ਼**



**ਨਵੀਂ ਦਿੱਲੀ :ਆਪਣਾ ਪੰਜਾਬ ਮੀਡੀਆ:** ਸਾਬਕਾ ਕਾਨੂੰਨ ਮੰਤਰੀ ਕਪਿਲ ਸਿੱਬਲ ਨੇ ਚੋਣ ਕਮਿਸ਼ਨ 'ਤੇ ਤਿੱਖਾ ਹਮਲਾ ਕਰਦਿਆਂ ਉਸ ਉਪਰ ਪੱਛਮੀ ਬੰਗਾਲ 'ਚ ਵੋਟਰਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝੇ ਰੱਖਣ ਦਾ ਤਜਰਬਾ ਕਰਨ ਦਾ ਦੋਸ਼ ਲਾਇਆ ਅਤੇ ਸਵਾਲ ਕੀਤਾ ਕਿ ਚੋਣਾਂ ਕਰਵਾਈਆਂ ਹੀ ਕਿਉਂ ਜਾ ਰਹੀਆਂ ਹਨ।

ਰਾਜ ਸਭਾ ਮੈਂਬਰ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ 'ਤੇ ਨਿਸ਼ਾਨਾ ਸੇਧਦਿਆਂ ਵਿਅੰਗ ਕੀਤਾ ਕਿ ਉਨ੍ਹਾਂ ਨੂੰ ਤਾਂ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਸਿੱਬਲ ਨੇ 'ਐਕਸ' 'ਤੇ ਕਿਹਾ, "ਚੋਣ ਕਮਿਸ਼ਨ (ਪੱਛਮੀ ਬੰਗਾਲ ਚੋਣਾਂ): ਵੋਟ ਹੱਕ ਖੋਹਣ ਦਾ ਤਜਰਬਾ। ਮੁੱਖ ਚੋਣ ਕਮਿਸ਼ਨਰ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਮੇਰਾ ਸਵਾਲ ਹੈ ਕਿ ਚੋਣਾਂ ਕਰਵਾਈਆਂ ਹੀ ਕਿਉਂ ਜਾ ਰਹੀਆਂ ਹਨ?" ਉਨ੍ਹਾਂ ਬੁੱਧਵਾਰ ਨੂੰ ਮੁੱਖ ਚੋਣ ਕਮਿਸ਼ਨਰ 'ਤੇ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਜਿੱਤ ਦਿਵਾਉਣ ਲਈ ਉਸ ਨਾਲ ਮਿਲ ਕੇ ਕੰਮ ਕਰਨ ਦਾ ਦੋਸ਼ ਲਾਇਆ ਸੀ ਅਤੇ ਦਾਅਵਾ ਕੀਤਾ ਕਿ ਉਹ 'ਕੌਮੀ ਸ਼ਰਮਿੰਦਗੀ' ਦਾ ਸਬੱਬ ਬਣ ਚੁੱਕੇ ਹਨ। ਰਾਜ ਸਭਾ ਮੈਂਬਰ ਨੇ ਪੱਛਮੀ ਬੰਗਾਲ ਚੋਣਾਂ ਲਈ ਸੁਰੱਖਿਆ ਬਲਾਂ ਦੀ ਵੱਡੇ ਪੱਧਰ 'ਤੇ ਤਾਇਨਾਤੀ ਨੂੰ ਲੈ ਕੇ ਵੀ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ 'ਤੇ ਹਮਲਾ ਬੋਲਿਆ।


Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor: Gurmit Singh
1 516 989 8001 | 1 631 835 8000
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1908 | SATURDAY APRIL 25, 2026




# NATIONAL SUPPLIES CORP.

N·S·C "We Serve To Build Better"

Routine Ma900 S COLUMBUS AVE MOUNT VERNON NY 10550intenance

## YOUR ONE STEP FOR

## SCAFFOLDING, SIDEWALK BRIDGE & BUILDING MATERIAL

ਨਿਊਯਾਰਕ ਟ੍ਰਾਈਸਟੇਟ ਇਲਾਕੇ ਵਿੱਚ ਕੰਸਟ੍ਰਕਸ਼ਨ ਵਾਲੇ ਵੀਰਾਂ ਦਾ ਆਪਣਾ ਸਭ ਤੋਂ ਵੱਡਾ ਇੱਕੋ-ਇੱਕ ਸਟੋਰ ਜਿੱਥੇ ਹਰ ਤਰ੍ਹਾਂ ਦਾ ਬਿਲਡਿੰਗ ਅਤੇ ਸਕੈਫੋਲਡਿੰਗ ਦਾ ਸਮਾਨ ਇੱਕ ਹੀ ਥਾਂ ਤੋਂ ਮਿਲ ਜਾਂਦਾ ਹੈ ।

## OUR PRODUCTS & SERVICES

- Shingles
- All kind of Insulations
- Siding (All Color)
- Soffit
- Sheetrock
- Firestone Roof
- Compound
- Stud & Track
- Plywood
- Lumber
- SPEC Mix
- Sand & Gravel
- Thorocoat
- Oil Based Paint
- Granite and Tiles
- Limestone
- Cement Stone
- Window Sill
- All Kind of Pavers
- All Kind of Bricks
- Banister Handrail
- and Granite
- Veneer Wall Stone




Mon to Fri: 7:00 am to 4:30 pm | Sat: 7:00 am to 2:00 pm Sunday: Closed

Store: 1 914 699 2170 | Cell: 1 917 544 3507

www.nationalsuppliescorp.com sales@nationalsuppliesnyc.com


Copyright: Apna Punjab Media 2025-26
Graphic & Design: Apna Punjab Media Team



Founder & Chief Editor: Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com




BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹਟ੍ਹੇ ਹੁਟ੍ਹੇ


# India ਪਹਿਲਗਾਮ ਹਮਲੇ ਸਬੰਧੀ ਠੋਸ ਸਬੂਤ ਦੇਣ 'ਚ ਨਾਕਾਮ: Attaullah Tarar

## ਹਮਲੇ ਦੀ ਬਰਸੀ ਮੌਕੇ ਟੈਲੀਵਿਜ਼ਨ 'ਤੇ ਪ੍ਰਸਾਰਤ ਬਿਆਨ 'ਚ ਕੀਤਾ ਦਾਅਵਾ

**ਇਸਲਾਮਾਬਾਦ:ਆਪਣਾ ਪੰਜਾਬ ਮੀਡੀਆ:** ਪਾਕਿਸਤਾਨ ਨੇ ਬੁੱਧਵਾਰ ਨੂੰ ਕਿਹਾ ਕਿ ਭਾਰਤ ਪਹਿਲਗਾਮ ਦਹਿਸ਼ਤੀ ਹਮਲੇ ਵਿੱਚ ਇਸਲਾਮਾਬਾਦ ਦੀ ਭੂਮਿਕਾ ਸਬੰਧੀ ਕੋਈ ਠੋਸ ਸਬੂਤ ਦੇਣ ਵਿੱਚ ਨਾਕਾਮ ਰਿਹਾ ਹੈ।



ਠੀਕ ਇਕ ਸਾਲ ਪਹਿਲਾਂ ਅੱਜ ਦੇ ਦਿਨ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਪਾਕਿਸਤਾਨ ਆਧਾਰਿਤ ਦਹਿਸ਼ਤੀ ਸਮੂਹ ਲਸ਼ਕਰ-ਏ-ਤਇਬਾ ਨਾਲ ਸਬੰਧਤ ਹਥਿਆਰਬੰਦ ਹਮਲਾਵਰਾਂ ਨੇ ਬੈਸਰਨ ਘਾਟੀ ਵਿੱਚ ਗੋਲੀਬਾਰੀ ਕਰ ਕੇ 22 ਵਿਅਕਤੀਆਂ ਦੀ ਹੱਤਿਆ ਕੀਤੀ ਸੀ। ਭਾਰਤ ਨੇ ਅਪਰੇਸ਼ਨ ਸਿੰਧੂਰ ਤਹਿਤ ਕੀਤੀ ਜਵਾਬੀ ਕਾਰਵਾਈ ਵਿੱਚ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿੱਚ ਦਹਿਸ਼ਤੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ।

ਪਾਕਿਸਤਾਨ ਦੇ ਸੂਚਨਾ ਮੰਤਰੀ ਅਤਾਉੱਲ੍ਹਾ ਤਾਰੜ ਨੇ ਹਮਲੇ ਦੀ ਪਹਿਲੀ ਬਰਸੀ ਮੌਕੇ ਟੈਲੀਵਿਜ਼ਨ 'ਤੇ ਪ੍ਰਸਾਰਤ ਬਿਆਨ ਵਿੱਚ ਕਿਹਾ, "ਭਾਰਤ ਪਹਿਲਗਾਮ ਘਟਨਾ ਬਾਰੇ ਅੱਜ ਦੇ ਦਿਨ ਤੱਕ ਵੀ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕਿਆ ਹੈ, ਤੇ ਨਾ ਹੀ ਕੋਈ ਤਸੱਲੀਬਖ਼ਸ਼ ਸਫ਼ਾਈ ਦਿੱਤੀ ਹੈ।" ਉਨ੍ਹਾਂ ਭਾਰਤ ਵੱਲੋਂ ਲਾਏ ਦੋਸ਼ਾਂ ਨੂੰ 'ਬੇਬੁਨਿਆਦ ਤੇ ਮਨਘੜਤ ਕੂੜ ਪ੍ਰਚਾਰ' ਕਰਾਰ ਦਿੰਦਿਆਂ ਕਿਹਾ, "ਬਿਨਾਂ ਕਿਸੇ ਸਬੂਤ, ਬਿਨਾਂ ਕਿਸੇ ਜਾਂਚ ਤੇ ਬਿਨਾਂ ਕਿਸੇ ਢੁੱਕਵੀਂ ਜਾਂਚ ਦੇ ਸਾਰਾ ਦੋਸ਼ ਫੌਰੀ ਪਾਕਿਸਤਾਨ ਸਿਰ ਮੜ੍ਹ ਦਿੱਤਾ ਗਿਆ।" ਮੰਤਰੀ ਨੇ ਚਿਤਾਵਨੀ ਦਿੱਤੀ ਕਿ ਕਿਸੇ ਵੀ ਹਿਮਾਕਤ ਦਾ ਜ਼ੋਰਦਾਰ ਢੰਗ ਨਾਲ ਜਵਾਬ ਦਿੱਤਾ ਜਾਵੇਗਾ।"

# ਇਰਾਨ ਨੇ ਹੋਰਮੁਜ਼ ਜਲਮਾਰਗ ਵਿੱਚ ਸਮੁੰਦਰੀ ਜਹਾਜ਼ਾਂ ਤੋਂ ਟੋਲ ਵਸੂਲਣਾ ਕੀਤਾ ਸ਼ੁਰੂ



**ਨਵੀਂ ਦਿੱਲੀ :ਆਪਣਾ ਪੰਜਾਬ ਮੀਡੀਆ:** ਇਰਾਨ ਨੇ ਪਹਿਲੀ ਵਾਰ ਰਣਨੀਤਕ ਤੌਰ 'ਤੇ ਅਹਿਮ 'ਹੋਰਮੁਜ਼ ਜਲਮਾਰਗ' ਤੋਂ ਲੰਘਣ ਵਾਲੇ ਸਮੁੰਦਰੀ ਜਹਾਜ਼ਾਂ 'ਤੇ ਟੋਲ ਟੈਕਸ ਲਗਾ ਕੇ ਕਮਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ, ਅਮਰੀਕਾ ਦਾ ਦਾਅਵਾ ਹੈ ਕਿ ਉਸ ਵੱਲੋਂ ਕੀਤੀ ਗਈ ਸਮੁੰਦਰੀ ਨਾਕਾਬੰਦੀ ਕਾਰਨ ਇਰਾਨ ਨੂੰ ਹਰ ਰੋਜ਼ ਲਗਪਗ 500 ਮਿਲੀਅਨ ਡਾਲਰ ਦਾ ਭਾਰੀ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ।

ਇਰਾਨੀ ਸੰਸਦ ਦੇ ਡਿਪਟੀ ਸਪੀਕਰ ਹਾਮਿਦ ਰੇਜ਼ਾ ਹਾਜੀਬਾਬਾਈ ਨੇ ਜਾਣਕਾਰੀ ਦਿੱਤੀ ਹੈ ਕਿ ਜਹਾਜ਼ਾਂ ਤੋਂ ਵਸੂਲੇ ਗਏ ਟੋਲ ਟੈਕਸ ਦੀ ਪਹਿਲੀ ਕਿਸ਼ਤ ਦੇਸ਼ ਦੇ ਕੇਂਦਰੀ ਬੈਂਕ ਵਿੱਚ ਜਮ੍ਹਾਂ ਕਰ ਦਿੱਤੀ ਗਈ ਹੈ।

ਇਹ ਕਦਮ ਦੁਨੀਆ ਦੇ ਸਭ ਤੋਂ ਅਹਿਮ ਊਰਜਾ ਮਾਰਗਾਂ ਵਿੱਚੋਂ ਇੱਕ ਉੱਤੇ ਆਪਣਾ ਕੰਟਰੋਲ ਮਜ਼ਬੂਤ ਕਰਨ ਦੀ ਇਰਾਨ ਦੀ ਰਣਨੀਤੀ ਵਿੱਚ ਇੱਕ ਵੱਡੇ ਬਦਲਾਅ ਨੂੰ ਦਰਸਾਉਂਦਾ ਹੈ।

# Denmark Train Collision: ਦੋ ਰੇਲਗੱਡੀਆਂ ਦੀ ਟੱਕਰ: 5 ਗੰਭੀਰ ਜ਼ਖ਼ਮੀ; 12 ਹੋਰ ਜ਼ਖ਼ਮੀ

## ਰੇਲ ਗੱਡੀਆਂ ਦੇ ਅਗਲੇ ਹਿੱਸੇ ਨੁਕਸਾਨੇ; ਆਵਾਜਾਈ ਪ੍ਰਭਾਵਿਤ

**ਕੋਪਨਹੇਗਨ :ਆਪਣਾ ਪੰਜਾਬ ਮੀਡੀਆ:** ਡੈਨਮਾਰਕ ਵਿੱਚ ਅੱਜ ਸਵੇਰੇ ਦੋ ਰੇਲਗੱਡੀਆਂ ਦੀ ਟੱਕਰ ਕਾਰਨ 5 ਜਣੇ ਗੰਭੀਰ ਜ਼ਖ਼ਮੀ ਹੋ ਗਏ। ਪ੍ਰਸ਼ਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਹਾਦਸੇ ਵਿੱਚ 12 ਹੋਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਇਹ ਹਾਦਸਾ ਰਾਜਧਾਨੀ ਕੋਪਨਹੇਗਨ ਤੋਂ ਲਗਪਗ 40 ਕਿਲੋਮੀਟਰ ਉੱਤਰ ਵਿੱਚ ਸਵੇਰੇ ਸਾਢੇ ਛੇ ਵਜੇ ਦੇ ਕਰੀਬ ਵਾਪਰਿਆ।



ਗ੍ਰੇਟਰ ਕੋਪਨਹੇਗਨ ਫਾਇਰ ਵਿਭਾਗ ਨੇ ਪੁਸ਼ਟੀ ਕੀਤੀ ਹੈ ਕਿ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਚਾਰ ਵਿਅਕਤੀਆਂ ਦਾ ਇਲਾਜ ਚੱਲ ਰਿਹਾ ਹੈ। ਘਟਨਾ ਵਾਲੀ ਥਾਂ ਤੋਂ ਸਾਹਮਣੇ ਆਈਆਂ ਤਸਵੀਰਾਂ ਵਿੱਚ ਦੇਖਿਆ ਜਾ ਸਕਦਾ ਹੈ ਕਿ ਦੋਵਾਂ ਰੇਲਗੱਡੀਆਂ ਦੇ ਅਗਲੇ ਹਿੱਸੇ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। ਰਾਹਤ ਦੀ ਗੱਲ ਇਹ ਰਹੀ ਕਿ ਟੱਕਰ ਦੇ ਬਾਵਜੂਦ ਦੋਵੇਂ ਰੇਲਗੱਡੀਆਂ ਲੀਹ ਤੋਂ ਨਹੀਂ ਉਤਰੀਆਂ, ਜਿਸ ਕਾਰਨ ਇੱਕ ਵੱਡਾ ਜਾਨੀ ਨੁਕਸਾਨ ਹੋਣੋਂ ਬਚ ਗਿਆ।

ਪੁਲੀਸ ਇਸ ਗੱਲ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ ਕਿ ਇੱਕੋ ਪਟੜੀ 'ਤੇ ਦੋ ਰੇਲਗੱਡੀਆਂ ਕਿਵੇਂ ਆ ਗਈਆਂ। ਫਿਲਹਾਲ ਇਸ ਰੂਟ 'ਤੇ ਰੇਲ ਸੇਵਾਵਾਂ ਨੂੰ ਰੋਕ ਦਿੱਤਾ ਗਿਆ ਹੈ।

# ਇਜ਼ਰਾਈਲ-ਲੈਬਨਾਨ ਜੰਗਬੰਦੀ ਵਿੱਚ ਤਿੰਨ ਹਫ਼ਤਿਆਂ ਦਾ ਵਾਧਾ



**ਤਹਿਰਾਨ :ਆਪਣਾ ਪੰਜਾਬ ਮੀਡੀਆ:** ਪੱਛਮੀ ਏਸ਼ੀਆ ਵਿੱਚ ਜਾਰੀ ਤਣਾਅ ਦਰਮਿਆਨ ਇੱਕ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਵ੍ਹਾਈਟ ਹਾਊਸ ਵਿੱਚ ਹੋਈ ਇੱਕ ਉੱਚ-ਪੱਧਰੀ ਮੀਟਿੰਗ ਤੋਂ ਬਾਅਦ ਲੈਬਨਾਨ ਅਤੇ ਇਜ਼ਰਾਈਲ ਦਰਮਿਆਨ ਜੰਗਬੰਦੀ ਨੂੰ ਅਗਲੇ ਤਿੰਨ ਹਫ਼ਤਿਆਂ ਲਈ ਵਧਾ ਦਿੱਤਾ ਗਿਆ ਹੈ। ਓਵਲ ਆਫ਼ਿਸ ਵਿੱਚ ਹੋਈ ਇਸ ਮੀਟਿੰਗ ਵਿੱਚ ਅਮਰੀਕਾ ਦੀ ਵਿਚੋਲਗੀ ਹੇਠ ਦੋਵਾਂ ਦੇਸ਼ਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ, ਜਿਸ ਦਾ ਮੁੱਖ ਮਕਸਦ ਖਿੱਤੇ ਵਿੱਚ ਖ਼ੂਨ-ਖ਼ਰਾਬੇ ਨੂੰ ਰੋਕਣਾ ਹੈ। ਰਾਸ਼ਟਰਪਤੀ ਟਰੰਪ ਨੇ ਇਜ਼ਰਾਈਲ ਦੇ ਰਾਜਦੂਤ ਯੇਚੀਲ ਲੀਟਰ ਅਤੇ ਲੈਬਨਾਨ ਦੀ ਰਾਜਦੂਤ ਨਾਦਾ ਮੁਆਵਦ ਨਾਲ ਮੁਲਾਕਾਤ ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇਸ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਲਿਖਿਆ, " ਮੀਟਿੰਗ ਬਹੁਤ ਸਾਰਥਕ ਰਹੀ! ਸੰਯੁਕਤ ਰਾਜ ਅਮਰੀਕਾ ਹਿਜ਼ਬੁੱਲ੍ਹਾ ਤੋਂ ਆਪਣੀ ਰੱਖਿਆ ਕਰਨ ਲਈ ਲੈਬਨਾਨ ਦੀ ਪੂਰੀ ਮਦਦ ਕਰੇਗਾ।" ਜ਼ਿਕਰਯੋਗ ਹੈ ਕਿ ਇਹ ਗੱਲਬਾਤ ਅਜਿਹੇ ਸਮੇਂ ਹੋਈ ਹੈ ਜਦੋਂ ਇਕ ਦਿਨ ਪਹਿਲਾਂ ਹੀ ਇਜ਼ਰਾਇਲੀ ਹਮਲਿਆਂ ਵਿੱਚ ਇੱਕ ਪੱਤਰਕਾਰ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ ਸੀ।

# Social Media Ban: 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਦੀ ਤਿਆਰੀ

**ਹੇਗ:ਆਪਣਾ ਪੰਜਾਬ ਮੀਡੀਆ:** ਨਾਰਵੇ (Nor-way) ਸਰਕਾਰ ਨੇ ਅੱਜ ਇੱਕ ਇਤਿਹਾਸਕ ਫ਼ੈਸਲਾ ਲੈਂਦਿਆਂ ਐਲਾਨ ਕੀਤਾ ਹੈ ਕਿ ਉਹ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਗਾਉਣ ਲਈ ਨਵਾਂ ਕਾਨੂੰਨ ਪੇਸ਼ ਕਰੇਗੀ। ਇਸ ਪ੍ਰਸਤਾਵਿਤ ਕਾਨੂੰਨ ਤਹਿਤ ਹੁਣ ਤਕਨੀਕੀ ਕੰਪਨੀਆਂ



(Tech Companies) ਦੀ ਇਹ ਸਿੱਧੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਪਲੇਟਫਾਰਮਾਂ 'ਤੇ ਉਮਰ ਦੀ ਸਖ਼ਤੀ ਨਾਲ ਪੁਸ਼ਟੀ (Age Verification) ਕਰਨ। ਨਾਰਵੇ ਦੇ ਪ੍ਰਧਾਨ ਮੰਤਰੀ ਜੋਨਸ ਗਹਿਰ ਸਟੋਰ ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਕਿਹਾ, " ਅਸੀਂ ਇਹ ਕਾਨੂੰਨ ਇਸ ਲਈ ਲਿਆ ਰਹੇ ਹਾਂ ਕਿਉਂਕਿ ਅਸੀਂ ਅਜਿਹਾ ਬਚਪਨ ਚਾਹੁੰਦੇ ਹਾਂ ਜਿੱਥੇ ਬੱਚੇ ਸੱਚਮੁੱਚ ਬੱਚੇ ਬਣ ਕੇ ਰਹਿ ਸਕਣ। ਬੱਚਿਆਂ ਦੀ ਖੇਡ, ਦੋਸਤੀ ਅਤੇ ਰੋਜ਼ਾਨਾ ਦੀ ਜ਼ਿੰਦਗੀ ਨੂੰ ਅਲਗੋਰਿਦਮ ਅਤੇ ਸਕ੍ਰੀਨਾਂ ਦੁਆਰਾ ਹੜੱਪਣ ਨਹੀਂ ਦਿੱਤਾ ਜਾ ਸਕਦਾ।"



Copyright: Apna Punjab Media 2025-26


Graphic & Design: Apna Punjab Media Team



Founder & Chief Editor : Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com




**ਕਥਾ ਵਾਚਕ ਗਿਆਨੀ ਧਰਮਵੀਰ ਸਿੰਘ ਲੁਧਿਆਣੇ ਵਾਲੇ ਹੈੱਡ ਗ੍ਰੰਥੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ (ਅਮਰੀਕਾ) ਵਾਲਿਆਂ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰਮਤਿ ਦੇ ਵੱਖ ਵੱਖ ਵਿਸ਼ਿਆ ਤੇ ਲਿਖੇ ਗਏ ਲੇਖ ਅਸੀ ਆਪਣਾ ਪੰਜਾਬ ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ।**

ਵੱਲੋਂ ਗੁਰਮੀਤ ਸਿੰਘ ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ



ਗਿਆਨੀ ਧਰਮਵੀਰ ਸਿੰਘ

ਕਿਸ਼ਤ ਨੰਬਰ 71

# ਸਿਖੀ ਸਿਖਿਆ ਗੁਰ ਵੀਚਾਰਿ

ਸਿੱਖ ਉਹ ਹੈ ਜਿਸ ਦੇ ਅੰਦਰ ਸਿੱਖੀ ਹੈ। ਸਿੱਖੀ ਉਸ ਦੇ ਅੰਦਰ ਹੈ ਜਿਸ ਪਾਸ ਗੁਰ ਦੀ ਸਿੱਖਿਆ ਹੈ। ਗੁਰ ਦੀ ਸਿੱਖਿਆ ਉਸ ਕੋਲ ਹੈ ਜਿਸ ਕੋਲ ਗੁਰੂ ਦੀ ਵੀਚਾਰ ਹੈ ਭਾਵ ਜਿਸ ਦੇ ਪਾਸ ਗੁਰੂ ਦੀ ਮੱਤ ਹੈ, ਜੋ ਗੁਰਮਤਿ ਦਾ ਧਾਰਨੀ ਹੈ ਗੁਰਬਾਣੀ ਦਾ ਫੁਰਮਾਨ ਹੈ ਕਿ ਪੜਨ ਲਿਖਣ ਵੀਚਾਰਨ ਅਤੇ ਪੁਜਾ ਕਰਨ ਦਾ ਤਾਂ ਹੀ ਲਾਭ ਹੈ ਜੇਕਰ ਅਸੀਂ ਸਤਿਗੁਰ ਜੀ ਦੀ ਆਗਿਆ ਨੂੰ ਸਤ ਕਰਕੇ ਮੰਨਿਆ ਅਤੇ ਕਮਾਇਆ ਹੈ :-

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ ੧॥ (ਅੰਗ ੬੬੯)

ਗੁਰਬਾਣੀ ਦਾ ਬਚਨ ਹੈ ਕਿ ਭਾਵੇਂ ਸਾਰੀ ਉਮਰ ਧਾਰਮਿਕ ਪੁਸਤਕਾਂ ਪੜ੍ਹਦੇ ਰਹੀਏ ਗੱਡਿਆਂ ਦੇ ਗੱਡੇ ਕਿਤਾਬਾਂ ਦੇ ਪੜ੍ਹ ਲਈਏ ਪਰ ਜੇ ਅਮਲ ਨਹੀਂ ਕੀਤਾ ਤਾਂ ਸਭ ਕੁਝ ਵਿਅਰਥ :-

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (ਆਸਾ ਦੀ ਵਾਰ)
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (ਅੰਗ ਪ੯੪)

ਗੁਰਬਾਣੀ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਸਾਨੂੰ ਮਨ ਨੂੰ ਠੋਕਰ ਮਾਰਨ ਲਈ ਅੰਮ੍ਰਿਤ ਬੋਲ ਹਨ ਕਿ ਖੰਡ ਖੰਡ ਕਹਿਣ ਨਾਲ ਮੂੰਹ ਮਿੱਠਾ ਨਹੀਂ ਹੋ ਸਕਦਾ। ਅੱਗ ਅੱਗ ਕਹਿਣ ਨਾਲ ਠੰਡ ਨਹੀਂ ਰੁਕ ਸਕਦੀ। ਵੈਦ ਵੈਦ ਕਹਿਣ ਨਾਲ ਰੋਗ ਨਹੀਂ ਮੁੱਕਣਾ। ਧਨ ਧਨ ਕਹਿਣ ਨਾਲ ਅਮੀਰ ਨਹੀਂ ਬਣ ਜਾਈਦਾ। ਚੰਦਨ ਚੰਦਨ ਕੇਵਲ ਮੂੰਹ ਤੋਂ ਬੋਲਣ ਨਾਲ ਸੁਗੰਧੀ ਨਹੀਂ ਆਉਂਦੀ। ਚੰਦਰਮਾ ਚੰਦਰਮਾ ਕਹਿਣ ਨਾਲ ਚਾਨਣ ਨਹੀਂ ਹੁੰਦਾ, ਇਸੇ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਰਹਿਤ ਨਹੀਂ ਬਣਦੀ ਇਥੇ ਤਾਂ ਕਰਨੀ ਪ੍ਰਧਾਨ ਹੈ :-

ਖਾਂਡ ਖਾਂਡ ਕਹੈ ਜਿਹਬ ਨਾਂ ਸੁਆਦ ਮੀਠੋ ਆਵੈ।
ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ।
ਬੈਦ ਬੈਦ ਕਹੈ ਰੋਗ ਨ ਮਿਟਤ ਕਾਹੂੰ ਕੋ,
ਦਰਬ ਦਰਬ ਕਹੈ ਕੋਊ ਦਰਬਹਿ ਨਾ ਬਿਲਾਸ ਹੈ।
ਚੰਦਨ ਚੰਦਨ ਕਹੈ ਪ੍ਰਗਟੈ ਨਾ ਸੁਬਾਸ ਬਾਸ
ਚੰਦ ਚੰਦ ਕਹੈ ਉਜੀਆਰੋ ਨਾ ਪਰਗਾਸ ਹੈ।
ਤੈਸੇ ਗਿਆਨ ਗੋਸ਼ਟ ਕਰਤ ਨ ਰਹਿਤ
ਆਵੈ ਕਰਨੀ ਪ੍ਰਧਾਨ ਭਾਨ ਉਦਤਿ ਅਕਾਸ਼ ਹੈ।

ਚੰਦਨ ਚੰਦਨ ਕੇਵਲ ਮੂੰਹ ਤੋਂ ਬੋਲਣ ਨਾਲ ਸੁਗੰਧੀ ਨਹੀਂ ਆਉਂਦੀ। ਚੰਦਰਮਾ ਚੰਦਰਮਾ ਕਹਿਣ ਨਾਲ ਚਾਨਣ ਨਹੀਂ ਹੁੰਦਾ, ਇਸੇ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਰਹਿਤ

ਪੂਛਤ ਪਥਕਿ ਤਿਹ ਮਾਰਗ ਨਾ ਧਰੈ ਪਗ
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ॥

ਭਾਵੇਂ ਸਾਡੇ ਪਾਸ ਗੁਰਮਤਿ ਮਰਯਾਦਾ ਅਤੇ ਕਰਣੀ ਨਹੀਂ, ਅਸੀਂ ਗੁਰ ਉਪਦੇਸ਼ ਕਮਾਵਣ ਵਲੋਂ ਕੋਰੇ ਹਾਂ, ਪਰ ਫਿਰ ਵੀ ਸਮਝਦੇ ਆਪਣੇ ਆਪ ਨੂੰ ਸਿੱਖ ਹਾਂ। ਨਹੀਂ ਭਾਈ! ਸਿੱਖੀ ਸਿਖਿਆ ਗੁਰ ਵੀਚਾਰਿ ਦਾ ਧਾਰਨੀ ਬਣਨਾ ਪਵੇਗਾ ਤਾਂ ਹੀ ਸਿੱਖ ਅਖਵਾਣ ਕੇ ਹੱਕਦਾਰ ਹੋਵਾਂਗੇ।


ਚਲਦਾ...




Read USA/CANADA International Daily Edition Copyright: Apna Punjab Media 2025-26 Graphic & Design: Apna Punjab Media Team






Copyright: Apna Punjab Media 2025-26



Founder & Chief Editor : Gurmit Singh

1 516 989 8001 | 1 631 835 8000

ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE : NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com




# Indian Diplomat ਸਿਬੀ ਜੌਰਜ ਦੀ António Gu-terres ਨਾਲ ਮੁਲਾਕਾਤ



ਸੰਯੁਕਤ ਰਾਸ਼ਟਰ:ਆਪਣਾ ਪੰਜਾਬ ਮੀਡੀਆ: ਵਿਦੇਸ਼ ਮੰਤਰਾਲੇਦੇਸਕੱਤਰ(ਪੱਛਮੀ) ਸਿਬੀ ਜੌਰਜ ਸੀਨੀਅਰ ਭਾਰਤੀ ਡਿਪਲੋਮੈਟ ਨੇ ਇੱਥੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨਾਲ ਮੁਲਾਕਾਤ ਕੀਤੀ ਅਤੇ ਬਹੁਲਤਾਵਾਦ ਪ੍ਰਤੀ ਭਾਰਤ ਦੀ 'ਮਜ਼ਬੂਤ ਵਚਨਬੱਧਤਾ' 'ਤੇ ਜ਼ੋਰ ਦਿੱਤਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਐਕਸ 'ਤੇ ਕਿਹਾ, "ਦੋਵਾਂ ਨੇ ਸੰਯੁਕਤ ਰਾਸ਼ਟਰ ਦੇ ਸੁਧਾਰਾਂ ਅਤੇ 'ਗਲੋਬਲ ਸਾਊਥ' ਦੀ ਆਵਾਜ਼ ਨੂੰ ਹੋਰ ਮਜ਼ਬੂਤ ਕਰਨ ਬਾਰੇ ਵਿਚਾਰ ਚਰਚਾ ਕੀਤੀ ਜਿਸ ਦੀ ਭਾਰਤ ਨੇ ਲਗਾਤਾਰ ਵਕਾਲਤ ਕੀਤੀ ਹੈ।"

# Israeli airstrike ਵਿੱਚ Lebanese woman journalist ਹਲਾਕ

## ਜੰਗਬੰਦੀ ਦੇ ਬਾਵਜੂਦ ਲੈਬਨਾਨੀ ਖੇਤਰਾਂ 'ਚ ਬੰਬਾਰੀ ਕਰਨ ਦਾ ਦੋਸ਼

**ਬੈਰੂਤ :ਆਪਣਾ ਪੰਜਾਬ ਮੀਡੀਆ:** ਇਜ਼ਰਾਈਲ ਵੱਲੋਂ ਦੱਖਣੀ ਲੈਬਨਾਨ ਵਿੱਚ ਘਰ ਉੱਤੇ ਕੀਤੇ ਹਵਾਈ ਹਮਲੇ ਵਿੱਚ ਲੈਬਨਾਨੀ ਮਹਿਲਾ ਪੱਤਰਕਾਰ ਅਮਾਲ ਖ਼ਲੀਲ ਦੀ ਮੌਤ ਹੋ ਗਈ।



ਪੱਤਰਕਾਰ ਇਜ਼ਰਾਈਲ-ਹਿਜ਼ਬੁੱਲਾ ਜੰਗ ਦੀ ਰਿਪੋਰਟਿੰਗ ਲਈ ਇਸ ਘਰ ਵਿੱਚ ਮੌਜੂਦ ਸੀ। ਹਮਲੇ ਤੋਂ ਕੁਝ ਘੰਟਿਆਂ ਬਾਅਦ ਰਾਹਤ ਤੇ ਬਚਾਅ ਕਾਮਿਆਂ ਨੇ ਮਲਬੇ 'ਚੋਂ ਉਸ ਦੀ ਲਾਸ਼ ਬਰਾਮਦ ਕੀਤੀ ਹੈ। ਇਸ ਦੌਰਾਨ ਲੈਬਨਾਨ ਨੇ ਦਾਅਵਾ ਕੀਤਾ ਹੈ ਕਿ ਇਜ਼ਰਾਈਲ ਵੱਲੋਂ ਜੰਗਬੰਦੀ ਸਮਝੌਤੇ ਮਗਰੋਂ ਕਬਜ਼ੇ ਵਿੱਚ ਲਏ ਇਲਾਕਿਆਂ 'ਚ ਘਰਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ।

ਇਜ਼ਰਾਈਲਦਾਮੰਨਣਾਹੈਕਿ ਇਰਾਨਹਮਾਇਤੀਦਹਿਸ਼ਤੀ ਸਮੂਹਇਨ੍ਹਾਂਘਰਾਂਨੂੰਚੌਕੀਆਂ ਵਜੋਂ ਵਰਤ ਰਿਹਾ ਸੀ।

# Philippines ਦੇ ਸਾਬਕਾ ਰਾਸ਼ਟਰਪਤੀ Rodrigo Duterte ਖ਼ਿਲਾਫ਼ ਮੁਕੱਦਮਾ ਚੱਲੇਗਾ



**ਹੇਗ:ਆਪਣਾ ਪੰਜਾਬ ਮੀਡੀਆ:** ਕੌਮਾਂਤਰੀਅਪਰਾਧ ਅਦਾਲਤ (ਆਈ ਸੀ ਸੀ) ਨੇ ਅੱਜ ਕਿਹਾ ਕਿ ਫਿਲਪੀਨਜ਼ ਦੇ ਸਾਬਕਾ ਰਾਸ਼ਟਰਪਤੀ ਰੋਡਰਿਗੋ ਦੂਤੇਰਤੇ 'ਤੇ ਮਨੁੱਖਤਾ ਖ਼ਿਲਾਫ਼ ਅਪਰਾਧਾਂ ਦੇ ਦੋਸ਼ ਹੇਠ ਮੁਕੱਦਮਾ ਚਲਾਇਆ ਜਾਵੇਗਾ। ਦੂਤੇਰਤੇ 'ਤੇ ਦੋਸ਼ ਹੈ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਨਸ਼ੀਲੇ ਪਦਾਰਥ ਰੋਕੂ ਮੁਹਿੰਮਾਂ 'ਚ ਕਾਰਵਾਈ ਦੇ ਨਾਂ 'ਤੇ ਜ਼ੁਲਮ ਕੀਤੇ ਗਏ। ਦੂਤੇਰਤੇ (80) ਨੂੰ ਪਿਛਲੇ ਸਾਲ ਫਿਲਪੀਨਜ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਆਪਣੇ 'ਤੇ ਲੱਗੇ ਦੋਸ਼ ਖ਼ਾਰਜ ਕੀਤੇ ਹਨ।

# ਤੂਫ਼ਾਨ ਦੌਰਾਨ ਪਲਟੇ cargo ship ਦੇ ਚਾਲਕ ਦਲ ਦੇ ਮੈਂਬਰ ਦੀ ਮਿਲੀ ਲਾਸ਼



## ਗੋਤਾਖੋਰਾਂ ਨੇ ਪਾਣੀ ਦੇ ਅੰਦਰ ਰਿਮੋਟ ਨਾਲ ਚੱਲਣ ਵਾਲੇ ਡਰੋਨ ਦੀ ਵਰਤੋਂ ਕੀਤੀ

**ਹਾਗਾਤਨਾ :ਆਪਣਾ ਪੰਜਾਬ ਮੀਡੀਆ:** ਭਿਆਨਕ ਤੂਫਾਨ ਦੌਰਾਨ ਉੱਤਰੀ ਮਾਰੀਆਨਾ ਟਾਪੂਆਂ ਨੇੜੇ ਪਲਟੇ ਇੱਕ ਮਾਲਵਾਹਕ ਜਹਾਜ਼ ਦੇ ਲਾਪਤਾ ਹੋਏ ਚਾਲਕ ਦਲ ਦੇ ਛੇ ਮੈਂਬਰਾਂ ਵਿੱਚੋਂ ਇੱਕ ਦੀ ਲਾਸ਼ ਲੱਭ ਲਈ ਗਈ ਹੈ। ਇਹ ਜਾਣਕਾਰੀ ਅੱਜ ਅਧਿਕਾਰੀਆਂ ਨੇ ਦਿੱਤੀ। ਅਮਰੀਕੀ ਤੱਟ ਰੱਖਿਅਕਾਂ ਨੇ ਇੱਕ ਪ੍ਰੈੱਸ ਬਿਆਨ ਵਿੱਚ ਦੱਸਿਆ ਕਿ ਗੋਤਾਖੋਰਾਂ ਨੇ ਜਹਾਜ਼ ਦੇ ਅੰਦਰਲੇ ਹਿੱਸੇ ਦੀ ਤਲਾਸ਼ੀ ਲੈਣ ਲਈ ਪਾਣੀ ਦੇ ਅੰਦਰ ਰਿਮੋਟ ਨਾਲ ਚੱਲਣ ਵਾਲੇ ਡਰੋਨ ਦੀ ਵਰਤੋਂ ਕੀਤੀ ਅਤੇ ਮੰਗਲਵਾਰ ਨੂੰ ਲਾਸ਼ ਬਰਾਮਦ ਕੀਤੀ। 'ਮਾਰੀਆਨਾ' ਨਾਮ ਦੇ ਇਸ ਜਹਾਜ਼ ਦੇ ਅਮਲੇ ਨੇ 15 ਅਪਰੈਲ ਨੂੰ ਅਮਰੀਕੀ ਤੱਟ ਰੱਖਿਅਕਾਂ ਨੂੰ ਸੂਚਿਤ ਕੀਤਾ ਸੀ ਕਿ 'ਸੁਪਰ ਟਾਇਫੂਨ ਸਿਨਲਾਕੂ' ਦੌਰਾਨ 145 ਫੁੱਟ (44 ਮੀਟਰ) ਲੰਬੇ ਇਸ ਅਮਰੀਕੀ ਰਜਿਸਟਰਡ ਜਹਾਜ਼ ਦਾ ਸੱਜਾ ਇੰਜਣ ਖ਼ਰਾਬ ਹੋ ਗਿਆ ਅਤੇ ਉਨ੍ਹਾਂ ਨੂੰ ਸਹਾਇਤਾ ਦੀ ਲੋੜ ਹੈ।ਤੱਟ ਰੱਖਿਅਕਾਂ ਨੇ ਦੱਸਿਆ ਕਿ ਅਗਲੇ ਦਿਨ ਜਹਾਜ਼ ਨਾਲ ਉਨ੍ਹਾਂ ਦਾ ਸੰਪਰਕ ਟੁੱਟ ਗਿਆ ਸੀ। ਤੇਜ਼ ਹਵਾਵਾਂ ਕਾਰਨ ਸ਼ੁਰੂਆਤੀ ਖੋਜ ਕਾਰਜਾਂ ਵਿੱਚ ਅੜਿੱਕਾ ਪਿਆ, ਪਰ ਅਖੀਰ ਸ਼ਨਿਚਰਵਾਰ ਨੂੰ ਇਹ ਪਲਟਿਆ ਹੋਇਆ ਜਹਾਜ਼ ਪਗਾਨ ਟਾਪੂ ਤੋਂ ਲਗਪਗ 40 ਮੀਲ ਉੱਤਰ-ਪੂਰਬ ਵਿੱਚ ਦੇਖਿਆ ਗਿਆ।

# AI ਕਾਰਨ Meta 'ਚ ਛਾਂਟੀ ; 8,000 ਕਰਮਚਾਰੀਆਂ ਦੀ ਜਾਵੇਗੀ ਨੌਕਰੀ




**ਚੰਡੀਗੜ੍ਹ:ਆਪਣਾ ਪੰਜਾਬ ਮੀਡੀਆ:** ਫੇਸਬੁੱਕ ਅਤੇ ਇੰਸਟਾਗ੍ਰਾਮ ਨੂੰ ਚਲਾਉਣ ਵਾਲੀ ਕੰਪਨੀ 'ਮੇਟਾ' ਦੁਨੀਆ ਭਰ ਵਿੱਚੋਂ ਆਪਣੇ ਲਗਪਗ 10 ਫੀਸਦੀ ਯਾਨੀ ਕਰੀਬ 8,000 ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦੀ ਯੋਜਨਾ ਬਣਾ ਰਹੀ ਹੈ। ਕੰਪਨੀ ਵੱਲੋਂ ਇਹ ਕਦਮ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੇ ਖੇਤਰ ਵਿੱਚ ਵਧ ਰਹੇ ਖਰਚਿਆਂ ਅਤੇ ਕੰਮਕਾਜ ਵਿੱਚ ਕੀਤੇ ਜਾ ਰਹੇ ਵੱਡੇ ਬਦਲਾਅ ਕਾਰਨ ਚੁੱਕਿਆ ਜਾ ਰਿਹਾ ਹੈ।ਮਾਰਕ ਜ਼ੁਕਰਬਰਗ ਦੀ ਇਸ ਕੰਪਨੀ ਵਿੱਚ ਮੁਲਾਜ਼ਮਾਂ ਦੀ ਛਾਂਟੀ ਨੂੰ ਲੈ ਕੇ ਕਈ ਹਫ਼ਤਿਆਂ ਤੋਂ ਚਰਚਾਵਾਂ ਚੱਲ ਰਹੀਆਂ ਸਨ, ਜਿਸ ਤੋਂ ਬਾਅਦ ਹੁਣ ਇਹ ਅਧਿਕਾਰਤ ਸੁਨੇਹਾ ਸਾਹਮਣੇ ਆਇਆ ਹੈ।ਨੌਕਰੀਆਂ ਵਿੱਚ ਕਟੌਤੀ ਕਰਨ ਦੇ ਨਾਲ-ਨਾਲ, ਮੇਟਾ ਕੰਪਨੀ ਲਗਪਗ 6,000 ਖਾਲੀ ਅਹੁਦਿਆਂ 'ਤੇ ਹੋਣ ਵਾਲੀ ਨਵੀਂ ਭਰਤੀ ਵੀ ਰੋਕ ਦੇਵੇਗੀ। ਅਧਿਕਾਰੀ ਗੇਲ ਨੇ ਮੰਨਿਆ ਕਿ ਇਸ ਖ਼ਬਰ ਕਾਰਨ ਮੁਲਾਜ਼ਮਾਂ ਵਿੱਚ ਚਿੰਤਾ ਪੈਦਾ ਹੋਈ ਹੈ। ਉਨ੍ਹਾਂ ਦੱਸਿਆ ਕਿ ਜਦੋਂ ਇਹ ਜਾਣਕਾਰੀ ਮੀਡੀਆ ਵਿੱਚ ਲੀਕ ਹੋ ਗਈ, ਤਾਂ ਕੰਪਨੀ ਨੇ ਖ਼ੁਦ ਸਿੱਧੇ ਤੌਰ 'ਤੇ ਆਪਣੇ ਕਰਮਚਾਰੀਆਂ ਨਾਲ ਗੱਲ ਕਰਨ ਦਾ ਫੈਸਲਾ ਕੀਤਾ।ਛਾਂਟੀ ਦਾ ਇਹ ਫੈਸਲਾ ਕੰਪਨੀ ਦੇ ਕੰਮ ਨੂੰ ਬਿਹਤਰ ਬਣਾਉਣ ਅਤੇ ਆਪਣਾ ਪੈਸਾ ਜ਼ਰੂਰੀ ਕੰਮਾਂ, ਖਾਸ ਕਰਕੇ ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਿਆ ਗਿਆ ਹੈ।


Kishneet VIDEOGRAPHY

DIGITAL PHOTO & VIDEO

778 885-5513

Premium Solution for 4K & Full HD Video and Photo Needs

OUR SERVICES

WEDDING BIRTHDAY SWEET SIXTEEN RING CEREMONY



13228 62 A Ave Surrey, BC V3X 3S5, Canada




Copyright: Apna Punjab Media 2025-26


Graphic & Design: Apna Punjab Media Team



ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!

Google apna punjab media

Founder & Chief Editor: Gurmit Singh
1 516 989 8001 | 1 631 835 8000

COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com




VOL XVIII, ISSUE 1908 | SATURDAY APRIL 25, 2026




# APNA PUNJAB MEDIA GROUP –
## NOW A COMPLETE GLOBAL MEDIA HUB

Connecting Indians Worldwide in Punjabi, English & Hindi Language

APNA PUNJAB MEDIA GROUP NEWYORK Estd. 2005

1 **apnapunjabmedia.com**
A dedicated Punjabi-language platform, focused on delivering authentic news, culture, and stories from Punjab while connecting with the global Punjabi and NRI community worldwide.

2 **apnapunjabmedia.us**
Expanding beyond Punjab, we are now reaching audiences across India— With content in English and Hindi, we ensure global accessibility, inclusivity, and meaningful connections communities worldwide.

3 **apnapunjabmedia.tv**
Our global TV platform, delivering breaking news, ground-level reality coverage, and impactful video journalism — bringing real stories directly to viewers worldwide.

4 **Transform Your Business with Apna Punjab Media IT Services**

### Powering Your Business Growth

We brings over 12+ years of industry expertise, delivering innovative and result-driven solutions to help your business grow from local presence to a global brand.

Our team of experienced IT professionals specializes in creating business-oriented strategies tailored to your goals, ensuring measurable and committed results.



GURMIT SINGH
CEO & PRESIDENT



GURSEWAK SINGH
MANAGING DIRECTOR



CONTACT US
1 631 835 8000
1 516 989 8001
Drop us Email
Info@apnapunjabmedia.com


 Copyright: Apna Punjab Media 2025-26 

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



STI CONSULTANTS
COMMERCIAL FINANCE

# COMMERCIAL MORTGAGE FINANCING

SIZE:$500,000 TO $500 MILLION

RAVI CHOPRA
CEO STI CONSULTANTS
OFFICE:718-886-8517 | CELL:917-705-7708
RAVI@STICONSULTANTS.COM





SPECIALIZE IN

HOTELS | MOTELS | CONSTRUCTION LOANS | GAS STATIONS
OFFICE | BUILDINGS | MIX USE PROPERTIES | CHURCH LOAN
HARD MONEY LOAN | APARTMENT BUILDINGS | BUSINESS LINE OF CREDIT

All Kinds of Commercial Financing All Over USA

OFFICES:
43-39 2nd Floor Main Street, Flushing, NY, 11355
508 HUMBOLDT STREET, BROOKLYN NY 11222
NEW JERSEY - CHICAGO


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
VOL XVIII, ISSUE 1908 | SATURDAY APRIL 25, 2026
PUNJAB



# Weather Update: ਅਗਲੇ ਤਿੰਨ ਦਿਨ ਪੰਜਾਬ ਸਮੇਤ ਕਈ ਸੂਬਿਆਂ 'ਚ ਜਾਰੀ ਰਹੇਗਾ ਲੂ ਦਾ ਕਹਿਰ




## ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਇਸ ਹਫ਼ਤੇ ਭਿਆਨਕ ਲੂ ਦਾ ਜਾਰੀ ਰਹੇਗਾ ਅਸਰ

**ਨਵੀਂ ਦਿੱਲੀ, : ਆਪਣਾ ਪੰਜਾਬ ਮੀਡੀਆ :** ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਇਸ ਹਫ਼ਤੇ ਭਿਆਨਕ ਲੂ ਦਾ ਅਸਰ ਜਾਰੀ ਰਹੇਗਾ। 25 ਅਪਰੈਲ ਤੱਕ ਪਾਰਾ ਹੌਲੀ-ਹੌਲੀ 4 ਡਿਗਰੀ ਸੈਲਸੀਅਸ (4°C) ਹੋਰ ਵਧ ਜਾਵੇਗਾ। ਇਸ ਤੋਂ ਬਾਅਦ 27 ਅਪਰੈਲ ਤੱਕ ਤਾਪਮਾਨ ਵਿੱਚ ਕੋਈ ਬਦਲਾਅ ਹੋਣ ਦੀ ਸੰਭਾਵਨਾ ਨਹੀਂ ਹੈ।

ਉੱਥੇ ਹੀ ਇਸੇ ਸਮੇਂ ਦੌਰਾਨ ਦੇਸ਼ ਦੇ ਉੱਤਰ-ਪੂਰਬੀ ਅਤੇ ਪੱਛਮੀ ਇਲਾਕਿਆਂ ਵਿੱਚ ਮੀਂਹ ਪੈ ਸਕਦਾ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ (ਆਈ ਐੱਮ ਡੀ) ਨੇ ਪੇਸ਼ੀਨਗੋਈ ਕੀਤੀ ਹੈ ਕਿ ਕੌਮੀ ਰਾਜਧਾਨੀ ਦਿੱਲੀ ਵਿੱਚ 24 ਅਪਰੈਲ ਨੂੰ ਦਿਨ ਦਾ ਤਾਪਮਾਨ 44 ਡਿਗਰੀ ਸੈਲਸੀਅਸ ਨੂੰ ਪਾਰ ਕਰ ਜਾਵੇਗਾ। ਭਿਆਨਕ ਲੂ ਦੀ ਸਥਿਤੀ ਕਾਰਨ ਦਿੱਲੀ ਵਿੱਚ 24 ਅਪਰੈਲ ਤੱਕ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਸ ਦੇ ਉਲਟ, ਉੱਤਰ-ਪੂਰਬੀ ਸੂਬਿਆਂ ਵਿੱਚ 27 ਅਪਰੈਲ ਤੱਕ ਦਰਮਿਆਨੀ ਮੀਂਹ ਪਵੇਗਾ।

# Punjab Power Cut Alert: ਪੰਜਾਬ 'ਚ ਅਗਲੇ 5 ਦਿਨ ਲੱਗਣਗੇ ਲੰਬੇ ਕੱਟ



## ਲੁਧਿਆਣਾ, ਪਟਿਆਲਾ ਤੇ ਅੰਮ੍ਰਿਤਸਰ ਸਮੇਤ ਕਈ ਸ਼ਹਿਰਾਂ ਵਿੱਚ 8 ਤੋਂ 10 ਘੰਟੇ ਗੁੱਲ ਰਹੇਗੀ ਬਿਜਲੀ

**ਪਟਿਆਲਾ : ਆਪਣਾ ਪੰਜਾਬ ਮੀਡੀਆ :** ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਲੋਕਾਂ ਨੂੰ ਅਗਲੇ 4-5 ਦਿਨਾਂ ਦੌਰਾਨ ਲੰਬੇ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪਵੇਗਾ।

ਇੱਕ ਪਾਸੇ ਜਿੱਥੇ ਸੂਬੇ ਵਿੱਚ ਪਾਰਾ ਲਗਾਤਾਰ ਚੜ੍ਹ ਰਿਹਾ ਹੈ, ਉੱਥੇ ਹੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (PSPCL) ਨੇ ਬਿਜਲੀ ਸਿਸਟਮ ਦੇ ਨਵੀਨੀਕਰਨ ਅਤੇ ਮਜ਼ਬੂਤੀ ਲਈ 26 ਅਪਰੈਲ ਤੱਕ ਲੰਬੇ ਕੱਟਾਂ ਦਾ ਐਲਾਨ ਕਰ ਦਿੱਤਾ ਹੈ। ਗਰਮੀ ਤੇ ਬਿਜਲੀ ਕੱਟਾਂ ਦੀ ਦੋਹਰੀ ਮਾਰ ਮੌਸਮ ਵਿਭਾਗ ਨੇ ਅਗਲੇ ਤਿੰਨ ਦਿਨਾਂ ਲਈ ਸੂਬੇ ਵਿੱਚ 'ਹੀਟਵੇਵ' (ਲੂ) ਦਾ ਯੈਲੋ ਅਲਰਟ ਜਾਰੀ ਕੀਤਾ ਹੈ। ਤਾਪਮਾਨ 40 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਸੰਭਾਵਨਾ ਹੈ, ਜਿਸ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। PSPCL ਅਨੁਸਾਰ ਪ੍ਰਮੁੱਖ ਸ਼ਹਿਰਾਂ ਵਿੱਚ ਰੋਜ਼ਾਨਾ 8 ਤੋਂ 10 ਘੰਟੇ ਬਿਜਲੀ ਸਪਲਾਈ ਪ੍ਰਭਾਵਿਤ ਰਹਿ ਸਕਦੀ ਹੈ।

ਬਿਜਲੀ ਕੱਟਾਂ ਦਾ ਵੇਰਵਾ: 22 ਅਪਰੈਲ: ਲੁਧਿਆਣਾ (10 ਤੋਂ 5), ਅੰਮ੍ਰਿਤਸਰ (10 ਤੋਂ 4), ਪਟਿਆਲਾ (ਦੁਪਹਿਰ 1 ਤੋਂ 5), ਮੁਹਾਲੀ (ਸਵੇਰੇ 10 ਤੋਂ ਸ਼ਾਮ 6) ਅਤੇ ਬਠਿੰਡਾ (ਸਵੇਰੇ 9 ਤੋਂ ਦੁਪਹਿਰ 2 ਵਜੇ ਤੱਕ)। 23 ਅਪਰੈਲ: ਮੁਹਾਲੀ (ਸਵੇਰੇ 9:30 ਤੋਂ ਸ਼ਾਮ 5:30), ਪਟਿਆਲਾ (10 ਤੋਂ 6), ਲੁਧਿਆਣਾ ਤੇ ਬਠਿੰਡਾ (10 ਤੋਂ 2/3 ਵਜੇ ਤੱਕ)। 24 ਅਪਰੈਲ: ਮੁਹਾਲੀ ਤੇ ਪਟਿਆਲਾ ਵਿੱਚ ਸਵੇਰੇ 9:30/10 ਵਜੇ ਤੋਂ ਸ਼ਾਮ 5:30/6 ਵਜੇ ਤੱਕ ਕੱਟ ਰਹੇਗਾ। ਬਠਿੰਡਾ ਦੇ ਉਦਯੋਗਿਕ ਖੇਤਰਾਂ (ਡੱਬਵਾਲੀ ਰੋਡ, ਮਹਿਤਾ ਰੋਡ ਆਦਿ) ਵਿੱਚ ਵੀ ਸਪਲਾਈ ਠੱਪ ਰਹੇਗੀ। 25 ਅਪਰੈਲ: ਮੁਹਾਲੀ (G-ਬਲਾਕ), ਲੁਧਿਆਣਾ ਅਤੇ ਪਟਿਆਲਾ ਵਿੱਚ ਸਵੇਰੇ 9/10 ਵਜੇ ਤੋਂ ਦੁਪਹਿਰ 2 ਵਜੇ ਤੱਕ ਬਿਜਲੀ ਗੁੱਲ ਰਹੇਗੀ।

ਅਧਿਕਾਰੀਆਂ ਦਾ ਪੱਖ ਪਾਵਰਕੌਮ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਇਹ ਕੱਟ ਜ਼ਰੂਰੀ ਹਨ।

ਹਾਲਾਂਕਿ ਉਨ੍ਹਾਂ ਦਾਅਵਾ ਕੀਤਾ ਹੈ ਕਿ ਕੋਸ਼ਿਸ਼ ਕੀਤੀ ਜਾਵੇਗੀ ਕਿ ਖਪਤਕਾਰਾਂ ਨੂੰ ਘੱਟ ਤੋਂ ਘੱਟ ਪਰੇਸ਼ਾਨੀ ਹੋਵੇ, ਪਰ ਦਿਨ ਵੇਲੇ ਲੱਗਣ ਵਾਲੇ ਇਨ੍ਹਾਂ ਲੰਬੇ ਕੱਟਾਂ ਨੇ ਆਮ ਜਨਜੀਵਨ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ।

# Punjab ਵਿੱਚ ਬਿਜਲੀ ਦੀ ਮੰਗ 10 ਹਜ਼ਾਰ ਮੈਗਾਵਾਟ ਤੋਂ ਟੱਪੀ

## ਪਿਛਲੇ ਸਾਲਾਂ ਦੇ ਰਿਕਾਰਡ ਟੁੱਟਣ ਦੀ ਸੰਭਾਵਨਾ; ਸੂਬੇ ਵਿੱਚ ਬਠਿੰਡਾ ਤੇ ਫਰੀਦਕੋਟ ਰਹੇ ਸਭ ਤੋਂ ਗਰਮ



**ਚੰਡੀਗੜ੍ਹ/ਪਟਿਆਲਾ : ਆਪਣਾ ਪੰਜਾਬ ਮੀਡੀਆ :** ਪੰਜਾਬ ਵਿੱਚ ਪਿਛਲੇ ਕੁਝ ਦਿਨਾਂ ਤੋਂ ਵਧ ਰਹੀ ਗਰਮੀ ਕਾਰਨ ਆਮ ਜਨ-ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਤਿੱਖੀ ਧੁੱਪ ਅਤੇ ਵਧਦੇ ਤਾਪਮਾਨ ਕਾਰਨ ਲੋਕਾਂ ਦਾ ਦਿਨ ਵੇਲੇ ਘਰੋਂ ਬਾਹਰ ਨਿਕਲਣਾ ਮੁਸ਼ਕਲ ਹੋ ਗਿਆ ਹੈ। ਤਾਪਮਾਨ ਵਿੱਚ ਹੋ ਰਹੇ ਲਗਾਤਾਰ ਵਾਧੇ ਕਾਰਨ ਪਾਵਰਕੌਮ ਦੀਆਂ ਚਿੰਤਾਵਾਂ ਵੀ ਵਧ ਗਈਆਂ ਹਨ। ਅੱਜ ਸੂਬੇ ਵਿੱਚ ਬਿਜਲੀ ਦੀ ਮੰਗ 10,396 ਮੈਗਾਵਾਟ ਤੱਕ ਪਹੁੰਚ ਗਈ। ਸ਼ਾਮ ਵੇਲੇ ਇਹ ਘਟ ਕੇ 8,500 ਮੈਗਾਵਾਟ ਰਹਿ ਗਈ ਸੀ, ਪਰ ਰਾਤ ਹੁੰਦਿਆਂ ਹੀ ਇਸ ਵਿੱਚ ਮੁੜ ਉਛਾਲ ਦੇਖਣ ਨੂੰ ਮਿਲਿਆ।

ਅੰਕੜਿਆਂ ਮੁਤਾਬਕ ਸਾਲ 2024 ਵਿੱਚ ਅੱਜ ਦੇ ਦਿਨ ਬਿਜਲੀ ਦੀ ਮੰਗ 8,000 ਮੈਗਾਵਾਟ ਅਤੇ ਸਾਲ 2025 ਵਿੱਚ 9,430 ਮੈਗਾਵਾਟ ਸੀ। ਪਿਛਲੇ ਸਾਲ ਬਿਜਲੀ ਦੀ ਵੱਧ ਤੋਂ ਵੱਧ ਮੰਗ 17,233 ਮੈਗਾਵਾਟ ਦਰਜ ਹੋਈ ਸੀ, ਜਿਸ ਰਿਕਾਰਡ ਦੇ ਇਸ ਵਾਰ ਟੁੱਟਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਅਨੁਸਾਰ ਬਠਿੰਡਾ ਅਤੇ ਫਰੀਦਕੋਟ ਅੱਜ ਸਭ ਤੋਂ ਵੱਧ ਗਰਮ ਰਹੇ, ਜਿੱਥੇ ਵੱਧ ਤੋਂ ਵੱਧ ਤਾਪਮਾਨ 41.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਹ ਆਮ ਨਾਲੋਂ ਇੱਕ ਤੋਂ ਦੋ ਡਿਗਰੀ ਵਧੇਰੇ ਹੈ। ਸੂਬੇ ਦੇ ਹੋਰ ਸ਼ਹਿਰਾਂ ਵਿੱਚ ਵੀ ਤਾਪਮਾਨ 36 ਤੋਂ 40 ਡਿਗਰੀ ਦੇ ਵਿਚਕਾਰ ਰਿਹਾ।


Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1908 | SATURDAY APRIL 25, 2026


CENTER FOR SOCIAL CHANGE
We Change Lives

# CENTER FOR SOCIAL CHANGE

## OUR VISION

Our vision is to provide programs & services to individuals with developmental disabilities & related disorders including autism to live & work in the community & exercise their rights, choice - & freedom & to live independent of institutional life through integrated effects of change agents who are passionate about changing lives of people with disabilities throughout the world.





JASDEEP SINGH JASSI
CHAIRMAN
CENTER FOR SOCIAL CHANGE



SAJID TRAR
CHAIRMAN
CENTER FOR SOCIAL CHANGE

6600 Amberton Dr. Elkridge, MD 21075, USA

Phone: 41-569-6789 Fax: 41-796-1201

www.centerforsocialckange.org E-mail: info@centerforsocialchange.org


Copyright: Apna Punjab Media 2025-26
Graphic & Design: Apna Punjab Media Team



Founder & Chief Editor : Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1908 | SATURDAY APRIL 25, 2026




BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.


# US-Iran-Israel War: ਇਰਾਨ ਨਾਲ 36 ਤੋਂ 72 ਘੰਟਿਆਂ ਵਿੱਚ ਹੋ ਸਕਦੀ ਹੈ ਗੱਲਬਾਤ : Donald Trump




ਵਾਸ਼ਿੰਗਟਨ :ਆਪਣਾ ਪੰਜਾਬ ਮੀਡੀਆ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਨਾਲ ਸੰਭਾਵੀ ਕੂਟਨੀਤਕ ਗੱਲਬਾਤ ਮੁੜ ਸ਼ੁਰੂ ਹੋਣ ਦੇ ਸੰਕੇਤ ਦਿੱਤੇ ਹਨ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਹੋਰਮੁਜ਼ ਜਲ ਮਾਰਗ (Strait of Hormuz) ਵਿੱਚ ਸਮੁੰਦਰੀ ਤਣਾਅ ਕਾਰਨ ਜੰਗਬੰਦੀ ਕਾਇਮ ਰਹਿਣ ਜਾਂ ਨਾ ਰਹਿਣ ਦਾ ਖ਼ਤਰਾ ਬਣਿਆ ਹੋਇਆ ਹੈ। ਟਰੰਪ ਨੇ ਇੱਕ ਸੰਦੇਸ਼ ਰਾਹੀਂ ਕਿਹਾ ਹੈ ਕਿ ਅਗਲੇ 36 ਤੋਂ 72 ਘੰਟਿਆਂ ਵਿੱਚ ਇਰਾਨ ਨਾਲ ਮੁੜ ਗੱਲਬਾਤ ਸ਼ੁਰੂ ਹੋ ਸਕਦੀ ਹੈ।

ਰਾਸ਼ਟਰਪਤੀ ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਪਾਕਿਸਤਾਨੀ ਲੀਡਰਸ਼ਿਪ (ਫੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ) ਦੀ ਅਪੀਲ 'ਤੇ ਜੰਗਬੰਦੀ ਨੂੰ ਹੋਰ ਵਧਾ ਦਿੱਤਾ ਹੈ। ਟਰੰਪ ਅਨੁਸਾਰ ਇਰਾਨ ਦੀ ਸਰਕਾਰ ਇਸ ਵੇਲੇ ਸਥਿਰ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਇੱਕ ਸਾਂਝਾ ਪ੍ਰਸਤਾਵ ਤਿਆਰ ਕਰਨ ਲਈ ਹੋਰ ਸਮਾਂ ਦਿੱਤਾ ਗਿਆ ਹੈ। ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਇਰਾਨ ਇਸ ਵੇਲੇ ਗੰਭੀਰ ਆਰਥਿਕ ਸੰਕਟ ਵਿੱਚ ਹੈ ਅਤੇ ਰੋਜ਼ਾਨਾ 500 ਮਿਲੀਅਨ ਡਾਲਰ ਦਾ ਨੁਕਸਾਨ ਝੱਲ ਰਿਹਾ ਹੈ।

# ਅਮਰੀਕੀ ਜਲ ਸੈਨਾ ਦੇ ਸਕੱਤਰ ਜੌਨ ਸੀ. ਫੇਲਨ ਨੇ ਟਰੰਪ ਪ੍ਰਸ਼ਾਸਨ ਛੱਡਿਆ

## ਅਸਤੀਫਾ ਦੇਣ ਦੇ ਕਾਰਨਾਂ ਦਾ ਨਾ ਹੋਇਆ ਖੁਲਾਸਾ



ਵਾਸ਼ਿੰਗਟਨ :ਆਪਣਾ ਪੰਜਾਬ ਮੀਡੀਆ: ਅਮਰੀਕੀ ਜਲ ਸੈਨਾ ਦੇ ਸਕੱਤਰ ਜੌਨ ਸੀ. ਫੇਲਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਪੈਂਟਾਗਨ ਦੇ ਮੁੱਖ ਬੁਲਾਰੇ ਸੀਨ ਪਾਰਨੇਲ ਨੇ ਫੇਲਨ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਹੁਣ ਹੰਗ ਕਾਓ ਜਲ ਸੈਨਾ ਦੇ ਕਾਰਜਕਾਰੀ ਸਕੱਤਰ ਵਜੋਂ ਅਹੁਦਾ ਸੰਭਾਲਣਗੇ। ਇਹ ਅਸਤੀਫ਼ਾ ਅਜਿਹੇ ਨਾਜ਼ੁਕ ਸਮੇਂ ਆਇਆ ਹੈ ਜਦੋਂ ਪੱਛਮੀ ਏਸ਼ੀਆ ਵਿੱਚ ਟਕਰਾਅ ਜਾਰੀ ਹੈ ਅਤੇ ਸਮੁੰਦਰੀ ਸੁਰੱਖਿਆ ਨੂੰ ਲੈ ਕੇ ਚੁਣੌਤੀਆਂ ਵਧੀਆਂ ਹੋਈਆਂ ਹਨ। ਹਾਲੇ ਇਹ ਫੌਰੀ ਤੌਰ 'ਤੇ ਪਤਾ ਨਹੀਂ ਲੱਗਿਆ ਕਿ ਉਨ੍ਹਾਂ ਆਪਣਾ ਅਸਤੀਫਾ ਕਿਉਂ ਦਿੱਤਾ ਹੈ। ਦੂਜੇ ਪਾਸੇ ਅਮਰੀਕੀ ਜਲ ਸੈਨਾ ਜੰਗਬੰਦੀ ਦੇ ਨਿਯਮਾਂ ਨੂੰ ਲਾਗੂ ਕਰਵਾਉਣ ਲਈ ਇਰਾਨ ਦੀਆਂ ਬੰਦਰਗਾਹਾਂ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ। ਸੀ.ਐੱਨ.ਐੱਨ ਦੀ ਰਿਪੋਰਟ ਮੁਤਾਬਕ ਅਮਰੀਕੀ ਫੌਜਾਂ ਨੇ ਹੁਣ ਤੱਕ 29 ਸਮੁੰਦਰੀ ਜਹਾਜ਼ਾਂ ਨੂੰ ਵਾਪਸ ਮੋੜ ਦਿੱਤਾ ਹੈ ਅਤੇ ਕਈ ਅਜਿਹੇ ਜਹਾਜ਼ਾਂ ਨੂੰ ਰੋਕਿਆ ਹੈ ਜੋ ਪਾਬੰਦੀਆਂ ਨੂੰ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰ ਰਹੇ ਸਨ।

# 'ਇਹ ਘਟੀਆ ਸੂਝ-ਬੂਝ ਦਾ ਪ੍ਰਤੀਕ': ਭਾਰਤ ਨੇ ਟਰੰਪ ਵੱਲੋਂ ਸਾਂਝੀ ਕੀਤੀ 'ਨਰਕ' ਵਾਲੀ ਟਿੱਪਣੀ ਦਾ ਦਿੱਤਾ ਜਵਾਬ



ਵਾਸ਼ਿੰਗਟਨ :ਆਪਣਾ ਪੰਜਾਬ ਮੀਡੀਆ:ਭਾਰਤ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਇੱਕ ਵਿਵਾਦਤ ਪੋਸਟ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਸ ਪੋਸਟ ਵਿੱਚ ਭਾਰਤ ਅਤੇ ਕੁਝ ਹੋਰ ਦੇਸ਼ਾਂ ਲਈ 'ਨਰਕ' (Hellholes) ਵਰਗੇ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕੀਤੀ ਗਈ ਸੀ। ਭਾਰਤ ਨੇ ਇਸ ਟਿੱਪਣੀ ਨੂੰ 'ਘਟੀਆ ਸੂਝ-ਬੂਝ' ਵਾਲੀ ਅਤੇ 'ਅਣਉਚਿਤ' ਕਰਾਰ ਦਿੱਤਾ ਹੈ। ਇਹ ਸਾਰਾ ਵਿਵਾਦ ਅਮਰੀਕੀ ਰੇਡੀਓ ਹੋਸਟ ਮਾਈਕਲ ਸੇਵੇਜ ਵੱਲੋਂ ਜਨਮ ਦੇ ਅਧਾਰ 'ਤੇ ਮਿਲਣ ਵਾਲੀ ਨਾਗਰਿਕਤਾ (Birthright Citizenship) ਬਾਰੇ ਸੁਪਰੀਮ ਕੋਰਟ ਦੇ ਇੱਕ ਕੇਸ 'ਤੇ ਚਰਚਾ ਦੌਰਾਨ ਸ਼ੁਰੂ ਹੋਇਆ। ਸੇਵੇਜ ਨੇ ਤਰਕ ਦਿੱਤਾ ਸੀ ਕਿ ਕੁਝ ਪਰਵਾਸੀ ਅਮਰੀਕੀ ਕਾਨੂੰਨਾਂ ਦਾ ਨਾਜਾਇਜ਼ ਫ਼ਾਇਦਾ ਉਠਾਉਂਦੇ ਹਨ ਅਤੇ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦਿਵਾਉਣ ਲਈ ਗਰਭ ਅਵਸਥਾ ਦੇ ਆਖਰੀ ਦਿਨਾਂ ਵਿੱਚ ਅਮਰੀਕਾ ਪਹੁੰਚਦੇ ਹਨ। ਇਸ ਦੌਰਾਨ ਉਨ੍ਹਾਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਦਾ ਨਾਮ ਲੈਂਦਿਆਂ ਇਨ੍ਹਾਂ ਨੂੰ 'ਧਰਤੀ ਦੇ ਨਰਕ' ਕਹਿ ਕੇ ਸੰਬੋਧਨ ਕੀਤਾ।

# ਟਰੰਪ ਨੇ ਜਲ ਸੈਨਾ ਨੂੰ ਦਿੱਤੀ ਖੁੱਲ੍ਹ, ਕਿਹਾ ਇਰਾਨੀ ਕਿਸ਼ਤੀਆਂ ਜਿੱਥੇ ਦਿਸਣ, ਕਰ ਦਿਓ ਤਬਾਹ



ਵਾਸ਼ਿੰਗਟਨ :ਆਪਣਾ ਪੰਜਾਬ ਮੀਡੀਆ:ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਰਾਨ 'ਤੇ ਹਮਲੇ ਅਣਮਿੱਥੇ ਸਮੇਂ ਲਈ ਟਾਲਣ ਦੇ ਐਲਾਨ ਤੋਂ ਬਾਅਦ, ਇਰਾਨ ਨੇ ਹੋਰਮੁਜ਼ ਜਲ ਮਾਰਗ ਵਿੱਚ ਆਪਣੀ ਪਕੜ ਹੋਰ ਮਜ਼ਬੂਤ ਕਰ ਲਈ ਹੈ। ਇਰਾਨੀ ਫੌਜ ਨੇ ਇਸ ਰਣਨੀਤਕ ਸਮੁੰਦਰੀ ਰਸਤੇ ਵਿੱਚੋਂ ਦੋ ਜਹਾਜ਼ਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਦੂਜੇ ਪਾਸੇ, ਸ਼ਾਂਤੀ ਵਾਰਤਾ ਦੁਬਾਰਾ ਸ਼ੁਰੂ ਹੋਣ ਦੇ ਕੋਈ ਸੰਕੇਤ ਨਜ਼ਰ ਨਹੀਂ ਆ ਰਹੇ। ਦੋ ਹਫ਼ਤੇ ਪੁਰਾਣੀ ਜੰਗਬੰਦੀ ਦੀ ਸਥਿਤੀ ਅਜੇ ਵੀ ਅਸਪਸ਼ਟ ਬਣੀ ਹੋਈ ਹੈ, ਕਿਉਂਕਿ ਇਰਾਨ ਨੇ ਅਮਰੀਕਾ ਵੱਲੋਂ ਜਾਰੀ ਸਮੁੰਦਰੀ ਨਾਕਾਬੰਦੀ ਨੂੰ ਜੰਗ ਵਰਗੀ ਕਾਰਵਾਈ ਕਰਾਰ ਦਿੱਤਾ ਹੈ।

ਇਰਾਨੀ ਸੰਸਦ ਦੇ ਸਪੀਕਰ ਅਤੇ ਮੁੱਖ ਵਾਰਤਾਕਾਰ ਮੁਹੰਮਦ ਬਾਕਰ ਕਾਲੀਬਾਫ ਨੇ ਸਪੱਸ਼ਟ ਕੀਤਾ ਹੈ ਕਿ ਜਦੋਂ ਤੱਕ ਅਮਰੀਕਾ ਆਪਣੀ ਜਲ ਸੈਨਾ ਦੀ ਨਾਕਾਬੰਦੀ ਖ਼ਤਮ ਨਹੀਂ ਕਰਦਾ, ਉਦੋਂ ਤੱਕ ਪੂਰਨ ਜੰਗਬੰਦੀ ਦਾ ਕੋਈ ਮਤਲਬ ਨਹੀਂ ਹੈ। ਉਨ੍ਹਾਂ ਕਿਹਾ ਕਿ ਹੋਰਮੁਜ਼ ਦੀ ਖਾੜੀ ਨੂੰ ਖੋਲ੍ਹਣਾ ਤਦ ਹੀ ਸੰਭਵ ਹੈ ਜੇਕਰ ਅਮਰੀਕਾ ਆਪਣੀਆਂ ਪਾਬੰਦੀਆਂ ਹਟਾਵੇ।





APNA PUNJAB MEDIA GROUP - MATRIMONIAL & CLASSIFIED SERVICES (NEW YORK)
Find Your Perfect Punjabi Match in New York & Worldwide
Trusted • Confidential • Community-Focused
Promote Your Business.
Find Jobs. Buy & Sell
– All in One Place.
www.apnapunjabmedia.com
Contact: 516-989-8004 | 516-989-8001 | 631-835-8000
CLASSIFIED




Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com






Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1908 | SATURDAY APRIL 25, 2026
AUSTRALIA

# Breaking News : ਰਾਘਵ ਚੱਢਾ ਅਤੇ ਸੰਦੀਪ ਪਾਠਕ 'ਆਪ' ਛੱਡ ਕੇ ਭਾਜਪਾ ਵਿੱਚ ਹੋਏ ਸ਼ਾਮਲ

## ਆਮ ਆਦਮੀ ਪਾਰਟੀ ਦੇ 10 ਵਿਚੋਂ 7 ਰਾਜ ਸਭਾ ਮੈਂਬਰ ਭਾਜਪਾ ਵਿੱਚ ਸ਼ਾਮਲ ਹੋਣ ਲਈ ਤਿਆਰ



**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਕੇਂਦਰੀ ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੀ ਸਿਆਸਤ ਵਿੱਚ ਅੱਜ ਵੱਡੀ ਹਲਚਲ ਦੇਖਣ ਨੂੰ ਮਿਲੀ ਹੈ। ਆਮ ਆਦਮੀ ਪਾਰਟੀ ਦੇ ਦਿੱਗਜ਼ ਆਗੂ ਰਾਘਵ ਚੱਢਾ, ਸੰਦੀਪ ਪਾਠਕ ਅਤੇ ਅਸ਼ੋਕ ਮਿੱਤਲ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਅਸ਼ੋਕ ਮਿੱਤਲ ਦੇ ਘਰ ਅਤੇ ਦਫ਼ਤਰਾਂ 'ਤੇ ਈਡੀ ਨੇ ਕੁਝ ਦਿਨ ਪਹਿਲਾਂ ਛਾਪੇਮਾਰੀ ਕੀਤੀ ਸੀ। ਇਸ ਨੂੰ ਪੰਜਾਬ ਦੀਆਂ ਆਉਣ ਵਾਲੀਆਂ ਚੋਣਾਂ ਦੇ ਲਿਹਾਜ਼ ਨਾਲ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਰਾਘਵ ਚੱਢਾ ਤੇ ਸੰਦੀਪ ਪਾਠਕ ਪਾਰਟੀ ਦੀ ਰਣਨੀਤੀ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਸਨ। ਉਨ੍ਹਾਂ ਦੇ ਇਸ ਕਦਮ ਨਾਲ ਜਿੱਥੇ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ, ਉੱਥੇ ਹੀ ਭਾਜਪਾ ਪੰਜਾਬ ਵਿੱਚ ਆਪਣੀ ਸਥਿਤੀ ਮਜ਼ਬੂਤ ਹੁੰਦੀ ਦੇਖ ਰਹੀ ਹੈ। ਨਵੀਂ ਦਿੱਲੀ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਘਵ ਚੱਢਾ ਅਤੇ ਸੰਦੀਪ ਪਾਠਕ ਨੇ ਅੱਜ ਐਲਾਨ ਕੀਤਾ ਕਿ 'ਆਪ' ਦੇ ਪੰਜ ਹੋਰ ਸੰਸਦ ਮੈਂਬਰ ਵੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਰਾਘਵ ਚੱਢਾ ਨੇ ਦਾਅਵਾ ਕੀਤਾ ਕਿ 'ਆਪ' ਦੇ ਕੁੱਲ 10 ਰਾਜ ਸਭਾ ਮੈਂਬਰਾਂ ਵਿੱਚੋਂ 7 ਮੈਂਬਰ ਹੁਣ ਭਾਜਪਾ ਵਿੱਚ ਰਲੇਵੇਂ ਲਈ ਤਿਆਰ ਹਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਸੰਵਿਧਾਨ ਮੁਤਾਬਕ ਜੇਕਰ ਕਿਸੇ ਪਾਰਟੀ ਦੇ ਦੋ-ਤਿਹਾਈ ਮੈਂਬਰ ਦੂਜੀ ਪਾਰਟੀ ਵਿੱਚ ਜਾਂਦੇ ਹਨ ਤਾਂ ਇਹ ਕਾਨੂੰਨੀ ਤੌਰ 'ਤੇ ਸਹੀ ਮੰਨਿਆ ਜਾਂਦਾ ਹੈ। ਰਾਘਵ ਚੱਢਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਇਸ ਸਬੰਧੀ ਸਾਰੇ ਜ਼ਰੂਰੀ ਦਸਤਾਵੇਜ਼ਾਂ ਸਮੇਤ ਇੱਕ ਪੱਤਰ ਰਾਜ ਸਭਾ ਦੇ ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਨੂੰ ਸੌਂਪ ਦਿੱਤਾ ਹੈ। ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਹੋਰ ਸੰਸਦ ਮੈਂਬਰਾਂ ਵਿੱਚ ਹਰਭਜਨ ਸਿੰਘ, ਰਾਜੇਂਦਰ ਗੁਪਤਾ, ਵਿਕਰਮ ਸਾਹਨੀ, ਸਵਾਤੀ ਮਾਲੀਵਾਲ ਅਤੇ ਅਸ਼ੋਕ ਮਿੱਤਲ ਦੇ ਨਾਮ ਸ਼ਾਮਲ ਹਨ। ਇਸ ਪ੍ਰੈੱਸ ਕਾਨਫਰੰਸ ਦੌਰਾਨ ਸੰਦੀਪ ਪਾਠਕ ਅਤੇ ਅਸ਼ੋਕ ਮਿੱਤਲ ਵੀ ਮੌਜੂਦ ਸਨ। ਪੰਜਾਬ ਦੀ ਆਮ ਆਦਮੀ ਪਾਰਟੀ ਨੇ ਸ਼ੁੱਕਰਵਾਰ ਨੂੰ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਕਿ ਉਹ ਈਡੀ ਰਾਹੀਂ ਪਾਰਟੀ ਦੇ ਸੰਸਦ ਮੈਂਬਰਾਂ ਵਿੱਚ ਡਰ ਦਾ ਮਾਹੌਲ ਪੈਦਾ ਕਰਕੇ ਪਾਰਟੀ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਪਾਰਟੀ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਦਾਅਵਾ ਕੀਤਾ ਕਿ ਇਸ ਸਾਰੀ ਸਾਜ਼ਿਸ਼ ਪਿੱਛੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹੱਥ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਰਾਘਵ ਚੱਢਾ ਨੂੰ ਪੰਜਾਬ ਵਿੱਚ ਪਾਰਟੀ ਨੂੰ ਕਮਜ਼ੋਰ ਕਰਨ ਦੇ ਬਦਲੇ ਕੇਂਦਰ ਵਿੱਚ ਮੰਤਰੀ ਦਾ ਅਹੁਦਾ ਦੇਣ ਦਾ ਲਾਲਚ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਇਸ ਸਾਜ਼ਿਸ਼ ਵਿੱਚ ਇੱਕ ਹਥਿਆਰ ਵਜੋਂ ਵਰਤਿਆ ਗਿਆ ਹੈ।

# ਆਸਟਰੇਲੀਆ 'ਚ ਮਹਿੰਗਾਈ ਦੀ ਮਾਰ; ਸਰਦੀ ਦੀਆਂ ਸਬਜ਼ੀਆਂ 50 ਫ਼ੀਸਦੀ ਤੱਕ ਮਹਿੰਗੀਆਂ ਹੋਈਆ


ਸਿਡਨੀ:ਆਪਣਾ ਪੰਜਾਬ ਮੀਡੀਆ:'ਦਾ ਡੇਲੀ ਟੈਲੀਗ੍ਰਾਫ' ਦੀ ਤਾਜ਼ਾ ਰਿਪੋਰਟ ਅਨੁਸਾਰ ਆਸਟਰੇਲੀਆ ਵਿੱਚ ਸਰਦੀ ਦੇ ਮੌਸਮ ਦੌਰਾਨ ਸਬਜ਼ੀਆਂ ਦੀਆਂ ਕੀਮਤਾਂ ਵਿੱਚ ਵੱਡਾ ਉਛਾਲ ਆ ਗਿਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਵਧ ਰਹੇ ਖਰਚਿਆਂ ਕਾਰਨ ਉਹ ਕੁਝ ਮੁੱਖ ਫਸਲਾਂ ਬੀਜਣ ਤੋਂ ਕੰਨੀ ਕਤਰਾ ਰਹੇ ਹਨ, ਜਿਸ ਨਾਲ ਸਪਲਾਈ ਘੱਟ ਹੋਣ ਦੀ ਸੰਭਾਵਨਾ ਬਣ ਗਈ ਹੈ।



ਅੰਕੜਿਆਂ ਮੁਤਾਬਕ ਪਿਛਲੇ ਇੱਕ ਸਾਲ ਵਿੱਚ ਡੀਜ਼ਲ ਦੀ ਕੀਮਤ ਵਿੱਚ ਲਗਪਗ 20 ਤੋਂ 30 ਫੀਸਦੀ ਵਾਧਾ ਹੋਇਆ ਹੈ, ਜਦੋਂ ਕਿ ਖਾਦ ਦੇ ਰੇਟ 40 ਫੀਸਦੀ ਤੱਕ ਚੜ੍ਹ ਗਏ ਹਨ। ਇਸ ਤੋਂ ਇਲਾਵਾ ਮਜ਼ਦੂਰੀ ਅਤੇ ਟਰਾਂਸਪੋਰਟ ਦੇ ਖਰਚੇ ਵੀ ਵਧੇ ਹਨ। ਕਿਸਾਨਾਂ ਦੇ ਅਨੁਸਾਰ ਜੇਕਰ ਅਜਿਹੇ ਹੀ ਹਾਲਾਤ ਬਣੇ ਰਹੇ ਤਾਂ ਉਤਪਾਦਨ ਘਟਣਾ ਲਾਜ਼ਮੀ ਹੈ।ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਪੱਤਾ ਗੋਭੀ, ਬਰੋਕਲੀ, ਗਾਜਰ ਅਤੇ ਫਲੀਆਂ ਵਰਗੀਆਂ ਸਬਜ਼ੀਆਂ ਦੇ ਭਾਅ 30 ਤੋਂ 50 ਫੀਸਦੀ ਤੱਕ ਵਧ ਰਹੇ ਹਨ।

ਇਸ ਵਾਧੇ ਦਾ ਸਿੱਧਾ ਅਸਰ ਆਮ ਘਰੇਲੂ ਖਰਚੇ 'ਤੇ ਪਵੇਗਾ, ਜਿਸ ਨਾਲ ਖਾਸ ਤੌਰ 'ਤੇ ਮੱਧ ਵਰਗ ਦੇ ਲੋਕਾਂ ਲਈ ਰਸੋਈ ਦਾ ਖਰਚਾ ਹੋਰ ਜ਼ਿਆਦਾ ਵਧ ਸਕਦਾ ਹੈ।







Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com







Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com
31 VOL XVIII, ISSUE 1908 | SATURDAY APRIL 25, 2026
NEW YORK





Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1 516 989 8001 | 1 631 835 8000
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



# MATRIMONIAL ADS

## MATRIMONIAL

Name: Saini Sikh Girl
Date of Birth: 28 February 1998
Height: 5'4"Complexion: Fair
Education: M.Sc. in Food Technology
Profession: Employed in Gujarat
Gotra: Dhamrait / Tumber
Preferred Match: Army or Air Force Officer
Contact:Mr. Jasvir Singh
House No. 1702, Hospital Road, Ropar
Phone: 94174-85091, 94788-27828

## MATRIMONIAL

Name: Saini Sikh Girl
Date of Birth: 21 July 1997
Height: 5'7"Complexion: Fair
Education: M.Com with Computer Course
Profession: Employed with Sun Pharma (Private Sector)
Gotra: Mundra / Gahania
Preferred Match: Turbaned Sikh Boy
Contact:S. Manjit Singh
House No. 4533, Bari Haveli (Haveli Kalan)
Phone: 97819-92581

## MATRIMONIAL

Name: Saini Sikh Girl
Date of Birth: 22 October 1998
Height: 5'4.5"Complexion: Wheatish
Education: B.P.T., Diploma in Nutrition, pursuing M.H.A.
Profession: DoctorGotra: Dhal / Dhamrait
Preferred Match: Turbaned Sikh Boy from a well-educated family, P.R. holder in Canada or Citizen of any European country
Contact:S. Ajit Singh
ILD Greens, Tower-6, Flat No. 702, Sector 37C, Gurgaon (Haryana)
Phone: 98114-00853, 98115-70853

## MATRIMONIAL

Name: Saini Hindu Girl
Date of Birth: 1993, Height: 5'2"Complexion: Fair
Education: BCA Graduate, Profession: Homemaker
Gotra: Kaloty
Preferred Match: Punjabi Saini boy, aged between 30 to 36 years, well-educated and well-settled in a respectable profession
Contact:Mr. Lakashman Parsad
House No. 3377/3, Bhargo Nagar, Jalandhar
Phone: 96466-00926, 62396-00926

## MATRIMONIAL

Name: Saini Sikh Girl
Date of Birth: 18 July 1998, Height: 5'2"Complexion: Fair
Education: B.Sc. Nursing, Profession: Nursing Officer at PGI, Chandigarh
Gotra: Girn / Badwal
Preferred Match: Turbaned Sikh boy belonging to the Sikh religion, employed in a government job, and settled in the Tricity area (Chandigarh, Mohali, Panchkula)
Contact:S. Gurnam SinghVPO Bhallri, Tehsil Nangal, District Ropar (Punjab)
Phone: 94173-35335

## MATRIMONIAL

Name: Saini Sikh Girl
Date of Birth: September 1998
Height: 5'6"Complexion: Fair
Education: B.Sc. and B.H.Sc. (Canada)
Profession: Employed in a Government Hospital, Ontario (Canada)
Gotra: Kanithlia / Panthila
Preferred Match: Well-educated, tall, Canadian P.R. holder or Citizen
Contact:S. Ranjit Singh
House No. 99, Sun Enclave, Ropar
Phone: 94177-33307

## WANTED BRIDE

Sikh Jat family looking for sikh girl from NY Tri-State area for their son ,born 1988, 5'9", handsome, intelligent, virtual event producer, 6 figure income, born, US citizen.
Pls call or write Rita G. 917 797 1117 or Email: sikhgurus@gmail.com.

## MATRIMONIAL

Name: Saini Sikh Girl
Date of Birth: 29 August 1994, Height: 5'3"Complexion: Fair
Education: B.Tech (Computer Science & Engineering), Post Graduate Diploma in Cyber Security Profession: Employed in Canada (Permanent Resident)
Income: 6,000 CAD per month
Gotra: Dhamrait / Banwait
Preferred Match: Equally qualified match, either from India or Canada
Contact:S. Jasvir SinghJagjit Nagar, RoparPhone: 94642-55626

## MATRIMONIAL

Name: Saini Hindu Girl (Divorced)
Date of Birth: 10 February 1991
Time of Birth: 12:30 PM (Ambala)
Height: 5'1" Complexion: Fair
Education: Degree in Nursing and B.A.
Profession: Staff Nurse at a Private Hospital
Gotra: Medhwan / Lambe
Preferred Match: Suitable, understanding, and well-settled Punjabi Saini match
Contact:Mr. Rann Singh / Ms. Samiksha Saini
House No. 1, Raipur Khurd, Chandigarh 160003Phone: 79733-01900

## WANTED BRIDE

Punjabi, sikh, parents invite correspondence for their Clean shaven, 35 y, 5'9", US born, virtual event producer, family oriented, indeoendant, charming, son.Pls contact parents sikhgurus@gmail.com or 917 797 1117

## MATRIMONIAL

Saini Hindu Girl – Fair, 5'4", D.O.B. 11.11.1998, B.Tech (CSE), employed as Data Scientist at Cars24. Belongs to a respectable family (Gotra: Sutrala/Chera). Seeks well-educated Hindu Saini boy from a good family background.
Contact: Chander Mohan, #90, Ward No. 5, Shri Chamkaur Sahib Road, Near Anaj Mandi, Distt. Ropar.Ph: 94649-44305

## MATRIMONIAL

Saini Sikh Girl – Fair, 5'7", D.O.B. 09.11.1993, B.Tech (CSE), M.S. (CSE, USA), working as Software Engineer in USA, earning USD 1,00,000 annually. Belongs to a respectable family (Gotra: Nanuan/Gidde). Seeks well-qualified, vegetarian Sikh boy with USA/Canada PR or citizenship.Contact: Satwinder Singh, Flat No. A-604, Palm Village, Sec-126, Mohali.Ph: 81460-22355

## MATRIMONIAL

Saini Sikh Girl – Fair, 5'3", D.O.B. 24.08.1999, B.Sc. Nursing, pursuing M.Sc. Nursing. Belongs to a respectable family (Gotra: Nanuan/Dhamrait). Seeking a well-educated, suitable Sikh boy, preferably from Ropar area.
Contact: S. Jagdev Singh, Vill. Tajowal, Distt. S.B.S. Nagar.
Ph: 84279-79909

## MATRIMONIAL

Saini Sikh Boy – Fair, 5'3", D.O.B. 16.10.1994, B.Tech (Civil Engineering), employed with Bentley Systems. Belongs to a respectable family (Gotra: Kloti/Jhaudeer). Seeks suitable, well-educated Saini Sikh girl from a good family background.
Contact: Manjit Singh, Jaja Chowk, Tanda, Mohali. Ph: 75080-90397, 98552-24606

## WANTED BRIDE

Saini Sikh Boy – Fair, 5'11", D.O.B. 15.04.1991, BCA, MBA, working as Hotel Manager in Canada on Work Permit. Belongs to a respectable family (Gotra: Masute/Nanuan). Seeks well-educated Saini Sikh girl, preferably professionally qualified. Contact: S. Gurpal Singh, Village Kherabad, Distt. Ropar.Ph: 62806-07428, 98789-61079

## WANTED BRIDE

Saini Sikh Boy – Fair, 5'8", D.O.B. 06.08.1991, Diploma in Mechanical Engineering, employed as Conductor in PRTC. Belongs to a respectable family (Gotra: Masuta/Nanuan). Seeks suitable, well-educated Saini Sikh girl from a good family. Contact: S. Hazara Singh, Nanak Pura Colony, Ropar. Ph: 62802-02332, 94177-06563

## WANTED BRIDE

Saini Sikh Boy – Fair, 6', D.O.B. 23.09.1996, B.Com (Hons) Delhi University, Global Business Management (Humber College, Toronto). Working as Finance/Accounts Professional in Canada. Income CAD 65,000 p.a. (Gotra: Banwait). Seeks well-educated, decent Saini Sikh girl (Height 5'3" & above), PR/Citizen of Canada preferred.Contact: S. Jasbir Singh Saini, A-2/76, 3rd Floor, Paschim Vihar, New Delhi – 110063.Ph: 98110-35915

## WANTED BRIDE

Saini Sikh Boy – Fair, 5'10", D.O.B. Jan 1996, M.Sc. (Agriculture), employed with HDFC Bank, Mohali. Belongs to a respectable family (Gotra: Mundra/Gahunia). Seeks suitable, well-educated Saini Sikh girl from a decent family background.Contact: Manjit Singh, #4533, Haveli (Kalan).Ph: 97819-92581


Copyright: Apna Punjab Media 2025-26

